ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 202 | Wednesday, October 19, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਇੱਕ ਵਿਅਕਤੀ ਨੇ ਘਰ ਦੇ ਅੰਦਰੋਂ ਪੁਲਿਸ ਅਧਿਕਾਰੀਆਂ ਉੱਤੇ ਚਲਾਈਆਂ ਗੋਲੀਆਂ



ਸਕਾਰਬਰੋ, 18 ਅਕਤੂਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਟੋਰਾਂਟੋ ਪੁਲਿਸ ਇੱਕ ਘਰ ਦੇ ਬਾਹਰ ਮੌਜੂਦ ਹੈ ਤੇ ਇੱਕ ਵਿਅਕਤੀ ਵੱਲੋਂ ਪੁਲਿਸ ਅਧਿਕਾਰੀਆਂ ਉੱਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ।

ਮੰਗਲਵਾਰ ਰਾਤੀਂ 8:00 ਵਜੇ ਕੈਨੇਡੀ ਰੋਡ ਤੇ ਐਗਲਿੰਟਨ ਐਵਨਿਊ ਈਸਟ ਇਲਾਕੇ ਵਿੱਚ ਅਧਿਕਾਰੀਆਂ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਸ਼ੈਨਲੇਅ ਰੋਡ ਉੱਤੇ ਇੱਕ ਵਿਅਕਤੀ ਘਰ ਦੇ ਅੰਦਰ ਮੌਜੂਦ ਹੈ ਤੇ ਉਹ ਘਰ ਦੇ ਬਾਹਰ ਇੱਕਠੇ ਹੋਏ ਪੁਲਿਸ ਅਧਿਕਾਰੀਆਂ ਉੱਤੇ ਗੋਲੀਆਂ ਚਲਾ ਰਿਹਾ ਹੈ। ਅਜੇ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।

ਇੱਥੇ ਭਾਰੀ ਮਾਤਰਾ ਵਿੱਚ ਪੁਲਿਸ ਮੌਜੂਦ ਹੈ ਤੇ ਜਾਂਚਕਾਰਾਂ ਵੱਲੋਂ ਜਨਤਾ ਨੂੰ ਇਸ ਇਲਾਕੇ ਤੋਂ ਪਾਸੇ ਰਹਿਣ ਦੀ ਅਪੀਲ ਕੀਤੀ ਜਾ ਰਹੀ ਹੈ। ਪੁਲਿਸ ਵੱਲੋਂ ਸਥਾਨਕ ਵਾਸੀਆਂ ਨੂੰ ਆਪੋ ਆਪਣੇ ਘਰ ਦੀ ਬੇਸਮੈਂਟ ਵਿੱਚ ਪਨਾਹ ਲੈਣ ਦੀ ਅਪੀਲ ਵੀ ਕੀਤੀ ਜਾ ਰਹੀ ਹੈ।

## ਮੰਦਵਾੜੇ ਤੇ ਅਫੋਰਡੇਬਿਲਿਟੀ ਬਿੱਲ ਦੇ ਮੁੱਦੇ ਉੱਤੇ ਟਰੂਡੋ ਤੇ ਪੌਲੀਏਵਰ ਦਰਮਿਆਨ ਹੋਈ ਜੰਮ ਕੇ ਬਹਿਸ

ਓਟਵਾ, 18 ਅਕਤੂਬਰ (ਪੋਸਟ ਬਿਊਰੋ) : ਸੰਭਾਵੀ ਮੰਦਵਾੜੇ ਤੇ ਮਹਿੰਗਾਈ ਨਾਲ ਫੈਡਰਲ ਸਰਕਾਰ ਵੱਲੋਂ ਕਿਸ ਤਰ੍ਹਾਂ ਨਜਿੱਠਿਆ ਜਾਣਾ ਚਾਹੀਦਾ ਹੈ ਇਸ ਮੁੱਦੇ ਉੱਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਦਰਮਿਆਨ ਮੰਗਲਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਚੰਗੀ ਬਹਿਸ ਹੋਈ। ਇਸ ਦੌਰਾਨ ਟਰੂਡੋ ਨੇ ਪੌਲੀਏਵਰ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਦੇ ਹਾਊਸਿੰਗ ਤੇ ਡੈਂਟਲ ਬੈਨੇਫਿਟਸ ਨੂੰ ਲਾਗੂ ਕਰਨ ਸਬੰਧੀ ਬਿੱਲ ਨੂੰ ਪੌਲੀਏਵਰ ਵੱਲੋਂ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



ਮੰਗਲਵਾਰ ਨੂੰ ਪ੍ਰਸ਼ਨ ਕਾਲ ਦੌਰਾਨ ਪੌਲੀਏਵਰ ਨੇ ਟਰੂਡੋ ਉੱਤੇ ਦੋਸ਼ ਲਾਇਆ ਕਿ ਉਹ ਪ੍ਰਸਤਾਵਿਤ ਅਫੋਰਡੇਬਿਲਿਟੀ ਬਿੱਲ ਤਹਿਤ ਘੱਟ ਆਮਦਨ ਵਾਲੇ ਰੈਂਟਰਜ਼ ਲਈ 500 ਡਾਲਰ ਦੀ ਮਦਦ ਦੇਣ ਦੀਆਂ ਫੜ੍ਹਾਂ ਮਾਰਦੇ ਨਹੀਂ ਥੱਕ ਰਹੇ ਜਦਕਿ ਅੱਜਕੱਲ੍ਹ ਐਨੇ ਕੁ ਪੈਸੇ ਨਾਲ ਤਾਂ ਤੁਸੀਂ ਘਰ ਦੇ ਪਿਛਲੇ ਹਿੱਸੇ ਵਿੱਚ ਡੌਗ ਹਾਊਸ ਵੀ ਰੈਂਟ ਨਹੀਂ ਕਰ ਸਕਦੇ।

ਕਈ ਹੋਰ ਕੰਜ਼ਰਵੇਟਿਵ ਐਮਪੀਜ਼ ਨਾਲ ਪੌਲੀਏਵਰ ਨੇ ਵਾਰੀ ਵਾਰੀ ਕਾਰਬਨ ਟੈਕਸ ਵਿੱਚ ਹੋਰ ਵਾਧਾ ਕਰਨ ਦੀ ਸਰਕਾਰ ਦੀ ਯੋਜਨਾ ਨੂੰ ਖ਼ਤਮ ਕਰਨ ਦੀ ਮੰਗ ਵੀ ਕੀਤੀ। ਉਨ੍ਹਾਂ ਆਖਿਆ ਕਿ ਸਰਦੀਆਂ ਵਿੱਚ ਕੈਨੇਡਾ ਵਿੱਚ ਘਰਾਂ ਨੂੰ ਨਿੱਘਾ ਰੱਖਣਾ ਕੋਈ ਲਗਜ਼ਰੀ ਨਹੀਂ ਹੈ ਤੇ ਫਿਰ ਵੀ ਪ੍ਰਧਾਨ ਮੰਤਰੀ ਇਸ ਪਿੱਛੇ ਲੋਕਾਂ ਨੂੰ ਸਜ਼ਾ ਦੇਣਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਜੇ ਤੀਹਰਾ ਟੈਕਸ ਲਾਉਣ ਦੀ ਆਪਣੀ ਯੋਜਨਾ ਤੋਂ ਟਰੂਡੋ ਪਿੱਛੇ ਨਹੀਂ ਹਟ ਸਕਦੇ ਤਾਂ ਘੱਟੋ ਘੱਟ ਉਨ੍ਹਾਂ ਨੂੰ ਸਿਆਲਾਂ ਵਿੱਚ ਘਰਾਂ ਨੂੰ ਨਿੱਘਾ ਰੱਖਣ ਦੇ ਟੈਕਸ ਵਿੱਚ ਤਾਂ ਲੋਕਾਂ ਨੂੰ ਛੋਟ ਦੇਣੀ ਚਾਹੀਦੀ ਹੈ।

ਇਸ ਉੱਤੇ ਟਰੂਡੋ ਨੇ ਆਖਿਆ ਕਿ ਜੇ ਕੰਜ਼ਰਵੇਟਿਵਾਂ ਨੂੰ ਕੈਨੇਡੀਅਨਜ਼ ਦੀ ਅਫੋਰਡੇਬਿਲਿਟੀ ਦਾ ਐਨਾ ਹੀ ਖਿਆਲ ਹੈ ਤਾਂ ਉਹ ਬਿੱਲ ਸੀ-31 ਨੂੰ ਬਲਾਕ ਕਰਨ ਦੀ ਥਾਂ ਇਸ ਬਿੱਲ ਨੂੰ ਪਾਸ ਕਰਵਾਉਣ ਵਿੱਚ ਉਨ੍ਹਾਂ ਦੀ ਮਦਦ ਕਰਦੇ।

## ਫਲੀਟੈਕਸ ਟਰਾਂਸਪੋਰਟ ਲਿਮਟਿਡ ਨੇ ਓਸਲਰ ਫਾਊਂਡੇਸ਼ਨ ਨੂੰ ਦਾਨ ਕੀਤੇ 100,000 ਡਾਲਰ

ਬਰੈਂਪਟਨ, 18 ਅਕਤੂਬਰ (ਪੋਸਟ ਬਿਊਰੋ) : ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਵਿਖੇ ਇਕਿਉਪਮੈਂਟਸ ਦੀ ਲੋੜ ਤੇ ਉੱਥੇ ਚੱਲ ਰਹੇ ਰੀਡਿਵੈਲਪਮੈਂਟ ਪ੍ਰੋਜੈਕਟਸ ਵਿੱਚ ਮਦਦ ਲਈ ਫਲੀਟੈਕਸ ਟਰਾਂਸਪੋਰਟ ਲਿਮਟਿਡ ਵੱਲੋਂ 100,000 ਡਾਲਰ ਦਾ ਗਿਫਟ ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ।

ਫਲੀਟੈਕਸ ਟਰਾਂਸਪੋਰਟ ਲਿਮਟਿਡ ਦੇ ਪ੍ਰੈਜ਼ੀਡੈਂਟ ਅਮਰਜੀਤ ਸਿੰਘ ਗਰਚਾ ਦੀ ਮਾਤਾ ਮਰਹੂਮ ਹਰਬੰਸ ਕੌਰ ਗਰਚਾ ਦੀ ਯਾਦ ਵਿੱਚ




ਇਹ ਤੁਹਫਾ ਗਰਚਾ ਪਰਿਵਾਰ ਵੱਲੋਂ ਦਿੱਤਾ ਗਿਆ। ਮਾਤਾ ਹਰਬੰਸ ਕੌਰ ਦੀ ਓਸਲਰ ਵਿੱਚ ਚੰਗੀ ਦੇਖਭਾਲ ਕੀਤੀ ਗਈ ਸੀ। ਇਸ ਮੌਕੇ ਅਮਰਜੀਤ ਸਿੰਘ ਗਰਚਾ ਨੇ ਆਖਿਆ ਕਿ ਓਸਲਰ ਵਿੱਚ ਗੁਜ਼ਾਰੇ ਸਮੇਂ ਦੌਰਾਨ ਉਨ੍ਹਾਂ ਦੀ ਮਾਤਾ ਜੀ ਦੀ ਕੀਤੀ ਗਈ ਤੀਮਾਰਦਾਰੀ ਤੋਂ ਉਹ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਆਖਿਆ ਕਿ ਅਸੀਂ ਚਾਹੁੰਦੇ ਹਾਂ ਕਿ ਕਮਿਊਨਿਟੀ ਵਿੱਚ ਹਰ ਕਿਸੇ ਨੂੰ ਇਸ ਤਰ੍ਹਾਂ ਦੀ ਸੇਵਾ ਸੰਭਾਲ ਮਿਲੇ ਤੇ ਇਸੇ ਲਈ ਇਹ ਡੋਨੇਸ਼ਨ ਦੇਣਾ ਉਨ੍ਹਾਂ ਲਈ ਕਾਫੀ ਅਹਿਮ ਸੀ।

ਜਿਨ੍ਹਾਂ ਕਮਿਊਨਿਟੀਜ਼ ਦੀ ਓਸਲਰ ਵੱਲੋਂ ਸੇਵਾ ਕੀਤੀ ਜਾਂਦੀ ਹੈ ਉਹ ਪ੍ਰੋਵਿੰਸ ਦੀ ਔਸਤ ਨਾਲੋਂ ਤਿੰਨ ਗੁਣਾਂ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਹਨ ਤੇ ਆਬਾਦੀ ਦੇ ਗੰਭੀਰ ਰੂਪ ਵਿੱਚ ਬਿਮਾਰ ਪੈਣ ਦਾ ਖਤਰਾ ਵੀ ਦਿਨੋਂ ਦਿਨ ਵੱਧ ਰਿਹਾ ਹੈ। ਦਿਲ, ਗੁਰਦੇ ਤੇ ਡਾਇਬਟੀਜ਼ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਵੀ ਵਾਧਾ ਵੇਖਣ ਨੂੰ ਮਿਲਿਆ ਹੈ। ਅਗਲੇ 20 ਸਾਲਾਂ ਵਿੱਚ ਸਾਡੀ ਕਮਿਊਨਿਟੀ ਦੇ ਇੱਕ ਜਾਂ ਦੋ ਮੈਂਬਰ ਕੈਂਸਰ ਤੋਂ ਵੀ ਗ੍ਰਸਤ ਪਾਏ ਜਾਣਗੇ। ਇਸ ਲਈ ਅਜਿਹੇ ਮਰੀਜ਼ਾਂ ਦੀ ਵਧੇਰੇ ਸਾਂਭ ਸੰਭਾਲ ਦੀ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਓਸਲਰ ਆਉਣ ਵਾਲੇ ਸਾਲਾਂ ਵਿੱਚ ਹੈਲਥ ਕੇਅਰ ਕਪੈਸਿਟੀ ਵਿੱਚ ਵਾਧਾ ਕਰਨਾ ਚਾਹੁੰਦਾ ਹੈ।

ਇਸ ਮੌਕੇ ਓਸਲਰ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ ਫਲੀਟੈਕਸ ਟਰਾਂਸਪੋਰਟ ਲਿਮਟਿਡ ਵੱਲੋਂ ਇਹ ਵਿਲੱਖਣ ਤੁਹਫਾ ਮਾਤਾ ਗਰਚਾ ਦੀ ਵਿਰਾਸਤ ਨੂੰ ਅੱਗੇ ਤੋਰਨ ਦਾ ਅਰਥਭਰਪੂਰ ਰਾਹ ਹੈ। ਉਨ੍ਹਾਂ ਆਖਿਆ ਕਿ ਮਾਤਾ ਜੀ ਨੂੰ ਜਿਹੋ ਜਿਹੀ ਕੇਅਰ ਤੇ ਸੇਵਾ ਓਸਲਰ ਵਿੱਚ ਮਿਲੀ ਹੈ ਗਰਚਾ ਪਰਿਵਾਰ ਵੱਲੋਂ ਉਹੋ ਜਿਹੀ ਹੀ ਸੇਵਾ ਤੇ ਮਦਦ ਆਪਣੇ ਗੁਆਂਢ ਵਿੱਚ ਰਹਿਣ ਵਾਲੇ ਲੋਕਾਂ ਲਈ ਮੁਹੱਈਆ ਕਰਵਾਉਣ ਦਾ ਸੁਪਨਾ ਪੂਰਾ ਕਰਨਾ ਬਹੁਤ ਵੱਡੀ ਸਮਾਜ ਸੇਵਾ ਦਾ ਕੰਮ ਹੈ। ਉਨ੍ਹਾਂ ਫਲੀਟੈਕਸ ਟਰਾਂਸਪੋਰਟ ਲਿਮਟਿਡ ਤੇ ਗਰਚਾ ਪਰਿਵਾਰ ਦਾ ਧੰਨਵਾਦ ਵੀ ਕੀਤਾ।


AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LePAGE Flower City Realty
Off: 905.230.3100

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

OURR HOME & APPLIANCES
UPGRADE TO SMART SCREEN FRIDGE IN JUST $499
FALL
For Ourr Exclusive Deals
PRICE $4699
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
5781 Highway 7 Unit 10, Vaughan, ON L4L 1T8, (416)-477-5556
416-551-5553
WWW.OURRHOMEAPPLIANCES.COM

MUFFIN'S
Pure Vegetarian
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill
Certified & Licenced Exterminator

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਬਣੀ ਪਈ ਹਿੰਦੀ ਵਿਵਾਦ ਦਾ ਨਵਾਂ ਮੁੱਦਾ,
ਕਰਿਆ ਤਾਮਿਲਾਂ ਪਾਸ ਇੱਕ ਮਤਾ ਬੇਲੀ।
ਸਰਦਾਰੀ ਹਿੰਦੀ ਦੀ ਕਹਿਣ ਨਾ ਝੱਲ ਹੁੰਦੀ,
ਇਹਨੂੰ ਸਮਝੋ ਨਹੀਂ ਕੋਈ ਵੀ ਖਤਾ ਬੇਲੀ।
ਲਹਿਜਾ ਤਾਮਿਲ ਦੀ ਬੋਲੀ ਦਾ ਵੱਖ ਸਾਰਾ,
ਮਿਲਦੀ ਲਿੱਪੀ ਨਾ ਸ਼ਬਦ ਵੀ ਰਤਾ ਬੇਲੀ।
ਖੜੋ ਕੇ ਕੋਲ ਕੋਈ ਕੁਝ ਪਿਆ ਕਹੀ ਜਾਂਦਾ,
ਲਗਦਾ ਤਾਮਿਲਾਂ ਨੂੰ ਕੁਝ ਨਹੀਂ ਪਤਾ ਬੇਲੀ।
ਮੋਹ ਹੈ ਜਿਨ੍ਹਾਂ ਨੂੰ ਹਿੰਦੀ ਦਾ ਰਹਿਣ ਕਰਦੇ,
ਤਾਮਿਲ ਭਾਸ਼ਾ ਨਾਲ ਸਾਡਾ ਈ ਮੋਹ ਬੇਲੀ।
ਮੋਕਲਾ ਪਿੜ ਹੈ ਹਿੰਦੀ ਲਈ ਬਹੁਤ ਵੱਡਾ,
ਸਾਡਾ ਖੇਤਰ ਕੋਈ ਸਕੂ ਨਹੀਂ ਖੋਹ ਬੇਲੀ।

**ਤੀਸ ਮਾਰ ਖਾਂ**

# ਅਫਰੀਕਾ ਬਾਰੇ ਟਿੱਪਣੀ ਕਿਸੇ ਦਾ ਦਿਲ ਦੁਖਾਉਣ ਲਈ ਨਹੀਂ ਸੀ ਕੀਤੀ ਗਈ : ਫਰੀਲੈਂਡ

ਓਟਵਾ, 18 ਅਕਤੂਬਰ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਜਦੋਂ ਉਨ੍ਹਾਂ ਅਫਰੀਕੀ ਲੋਕਾਂ ਲਈ ਇਹ ਆਖਿਆ ਸੀ ਕਿ ਉਨ੍ਹਾਂ ਨੂੰ ਆਪਣੀ ਜਮਹੂਰੀਅਤ ਲਈ ਮਰਨ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ, ਤਾਂ ਉਨ੍ਹਾਂ ਦਾ ਇਰਾਦਾ ਕਿਸੇ ਦਾ ਦਿਲ ਦੁਖਾਉਣਾ ਨਹੀਂ ਸੀ। ਉਨ੍ਹਾਂ ਸਗੋਂ ਆਖਿਆ ਕਿ ਕੈਨੇਡਾ ਇਸ ਮਹਾਂਦੀਪ ਲਈ ਮਦਦ ਵਿੱਚ ਹੋਰ ਵਾਧਾ ਕਰ ਸਕਦਾ ਹੈ।



ਸੋਮਵਾਰ ਨੂੰ ਫਰੀਲੈਂਡ ਨੇ ਆਖਿਆ ਕਿ ਜੇ ਉਨ੍ਹਾਂ ਦੀਆਂ ਟਿੱਪਣੀਆਂ ਤੋਂ ਕਿਸੇ ਨੂੰ ਤਕਲੀਫ ਹੋਈ ਹੋਵੇ ਤਾਂ ਉਹ ਮੁਆਫੀ ਮੰਗਦੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਵਾਸ਼ਿੰਗਟਨ ਵਿੱਚ ਭਾਸ਼ਣ ਦਿੰਦਿਆਂ ਫਰੀਲੈਂਡ ਨੇ ਸਾਰੇ ਜਮਹੂਰੀ ਦੇਸ਼ਾਂ ਨੂੰ ਅਪੀਲ ਕੀਤੀ ਸੀ ਕਿ ਵਪਾਰ ਤੇ ਐਨਰਜੀ ਸਬੰਧਾਂ ਰਾਹੀਂ ਇੱਕ ਦੂਜੇ ਦੇ ਹੋਰ ਨੇੜੇ ਆਉਣ ਕਿਉਂਕਿ ਦੁਨੀਆ ਭਰ ਵਿੱਚ ਮਾਹੌਲ ਥੋੜ੍ਹਾ ਖਰਾਬ ਚੱਲ ਰਿਹਾ ਹੈ ਤੇ ਕਈ ਦੇਸ਼ਾਂ ਵੱਲੋਂ ਦੂਜੇ ਜਮਹੂਰੀ ਦੇਸ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਿਹਾ ਹੈ।

ਇਸ ਤੋਂ ਬਾਅਦ ਹੋਏ ਸਵਾਲ ਜਵਾਬ ਸੈਸ਼ਨ ਵਿੱਚ ਐਫਰੀਕਨ ਡਿਵੈਲਪਮੈਂਟ ਬੈਂਕ ਲਈ ਕੰਮ ਕਰਨ ਵਾਲੇ ਵਿਅਕਤੀ ਨੇ ਪੁੱਛਿਆ ਕਿ ਪੱਛਮੀਂ ਮੁਲਕਾਂ ਵੱਲੋਂ ਮਦਦ ਸਿਰਫ ਯੂਕਰੇਨ ਦੀਆਂ ਲੋੜਾਂ ਪੂਰੀਆਂ ਕਰਨ ਦੇ ਇਰਾਦੇ ਨਾਲ ਹੀ ਕੀਤੇ ਜਾਣ ਦਾ ਇਰਾਦਾ ਹੈ। ਇਸ ਵਿਅਕਤੀ ਦੀ ਪਛਾਣ ਜ਼ਾਹਿਰ ਨਹੀਂ ਕੀਤੀ ਗਈ। ਉਸ ਨੇ ਇਹ ਵੀ ਆਖਿਆ ਕਿ ਇਸ ਨਾਲ ਮਹਾਂਦੀਪ ਵਿੱਚ ਰੂਸ ਦਾ ਦਬਦਬਾ ਹੀ ਵਧੇਗਾ।

ਫਰੀਲੈਂਡ ਨੇ ਆਖਿਆ ਕਿ ਪੱਛਮੀ ਦੇਸ਼ਾਂ ਨੂੰ ਇੱਕਜੁੱਟ ਹੋ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਇਹ ਸਿੱਧ ਹੋ ਸਕੇ ਕਿ ਅਸੀਂ ਸੱਚਮੁੱਚ ਭਾਈਵਾਲ ਹਾਂ। ਪਰ ਉਨ੍ਹਾਂ ਇਹ ਵੀ ਆਖਿਆ ਕਿ ਇਹ ਅਫਰੀਕੀ ਮੁਲਕਾਂ ਉੱਤੇ ਨਿਰਭਰ ਕਰਦਾ ਹੈ ਕਿ ਉਹ ਆਪਣਾ ਰਾਹ ਆਪ ਚੁਣਨ। ਉਨ੍ਹਾਂ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਉਹ ਅਚਨਚੇਤੀ ਹੀ ਰੂਸ ਦੇ ਰਾਹ ਵਿੱਚ ਆ ਜਾਣਗੇ। ਉਨ੍ਹਾਂ ਅੱਗੇ ਆਖਿਆ ਕਿ ਆਪਣੀ ਜਮਹੂਰੀਅਤ ਦੀ ਰਾਖੀ ਉਸ ਸੂਰਤ ਵਿੱਚ ਹੀ ਹੁੰਦੀ ਹੈ ਜੇ ਲੋਕ ਆਪਣੇ ਦੇਸ਼ ਲਈ ਮਰ ਮਿਟਣ ਵਾਸਤੇ ਤਿਆਰ ਹੋਣ। ਇਸ ਤਰ੍ਹਾਂ ਦੀ ਬਿਆਨਬਾਜ਼ੀ ਉੱਤੇ ਕਈ ਬੁੱਧੀਜੀਵੀਆਂ ਵੱਲੋਂ ਇਤਰਾਜ਼ ਪ੍ਰਗਟਾਇਆ ਗਿਆ।

# ਲਿਬਰਲ ਸਾਈਬਰ ਸਕਿਊਰਿਟੀ ਬਿੱਲ ਵਿੱਚ ਹਨ ਖਾਮੀਆਂ ਹੀ ਖਾਮੀਆਂ

ਓਟਵਾ, 18 ਅਕਤੂਬਰ (ਪੋਸਟ ਬਿਊਰੋ) : ਇੱਕ ਨਵੀਂ ਰਿਸਰਚ ਰਿਪੋਰਟ ਵਿੱਚ ਇਹ ਖੁਲਾਸਾ ਕੀਤਾ ਗਿਆ ਹੈ ਕਿ ਫੈਡਰਲ ਸਾਈਬਰਸਕਿਊਰਿਟੀ ਬਿੱਲ ਵਿੱਚ ਐਨੀਆਂ ਖਾਮੀਆਂ ਹਨ ਕਿ ਇਸ ਨਾਲ ਦੁਨੀਆਂ ਭਰ ਦੀਆਂ ਸਰਕਾਰਾਂ ਆਪੋ ਆਪਣੇ ਦਮਨਕਾਰੀ ਕਾਨੂੰਨਾਂ ਨੂੰ ਜਾਇਜ਼ ਦੱਸਣ ਲੱਗਣਗੀਆਂ।



ਯੂਨੀਵਰਸਿਟੀ ਆਫ ਟੋਰਾਂਟੋ ਦੀ ਸਿਟੀਜ਼ਨ ਲੈਬ ਦੇ ਕ੍ਰਿਸਟੋਫਰ ਪਾਰਸਨਜ਼ ਦੀ ਰਿਪੋਰਟ ਵਿੱਚ 29 ਸਿਫਾਰਿਸ਼ਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਜੂਨ ਵਿੱਚ ਲਿਬਰਲ ਸਰਕਾਰ ਵੱਲੋਂ ਪ੍ਰਸਤਾਵਿਤ ਮਾਪਦੰਡਾਂ ਬਾਰੇ ਪਾਰਦਰਸ਼ਤਾ ਤੇ ਜਵਾਬਦੇਹੀ ਦੀ ਮੰਗ ਕੀਤੀ ਗਈ ਹੈ। ਸਰਕਾਰ ਨੈਸ਼ਨਲ ਸਕਿਊਰਿਟੀ ਦੀ ਰਾਖੀ ਲਈ ਬਿਹਤਰ ਸ਼ੀਲਡ ਸਿਸਟਮ ਕਾਇਮ ਕਰਨਾ ਚਾਹੁੰਦੀ ਹੈ ਤੇ ਸਾਈਬਰਸਪੇਸ ਦੇ ਖੇਤਰ ਨਾਲ ਜੁੜੇ ਖਤਰਿਆਂ ਨਾਲ ਸਿੱਝਣ ਲਈ ਅਧਿਕਾਰੀਆਂ ਨੂੰ ਨਵੇਂ ਸੰਦ ਮੁਹੱਈਆ ਕਰਵਾਉਣੇ ਚਾਹੁੰਦੀ ਹੈ।

ਬਿੱਲ ਸੀ-26 ਤਹਿਤ ਬੈਂਕਿੰਗ ਤੇ ਟੈਲੀਕਮਿਊਨਿਕੇਸ਼ਨਜ਼ ਇੰਡਸਟਰੀਜ਼ ਵਰਗੇ ਖੇਤਰਾਂ ਲਈ ਸਾਈਬਰਸਕਿਊਰਿਟੀ ਵਿੱਚ ਸੁਧਾਰ ਹੋਣਾ ਤੇ ਡਿਜੀਟਲ ਹਮਲਿਆਂ ਦੀ ਰਿਪੋਰਟ ਕਰਨ ਜਾਂ ਫਿਰ ਸੰਭਾਵੀ ਜੁਰਮਾਨੇ ਭਰਨਾਂ ਆਦਿ ਜ਼ਰੂਰੀ ਹੈ ਤੇ ਇਹ ਇਸ ਵਿੱਚ ਸ਼ਾਮਲ ਹਨ। ਬਿੱਲ ਵਿੱਚ ਅਧਿਕਾਰੀਆਂ ਨੂੰ ਆਡਿਟ ਸ਼ਕਤੀਆਂ ਤੇ ਜੁਰਮਾਨਿਆਂ ਰਾਹੀਂ ਮਾਪਦੰਡ ਲਾਗੂ ਕਰਨ ਦੇ ਸਮਰੱਥ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਓਟਵਾ ਵੱਲੋਂ ਲੋੜੀਂਦੀਆਂ ਸ਼ਕਤੀਆਂ ਸੀਕ੍ਰੇਸੀ ਵਾਲੇ ਕਲਾਜ਼ਿਜ਼ ਨਾਲ ਭਰੀਆਂ ਪਈਆਂ ਹਨ। ਇਸ ਲਈ ਇਨ੍ਹਾਂ ਵਿੱਚ ਸੁਧਾਰ ਕਰਨ ਦੀ ਲੋੜ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ 20 ਸਾਲਾ ਲੜਕੀ ਜ਼ਖ਼ਮੀ

ਬਰੈਂਪਟਨ, 18 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਬਰੈਂਪਟਨ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ 20 ਸਾਲਾ ਲੜਕੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ।

ਇਹ ਹਾਦਸਾ ਹਾਈਵੇਅ 407 ਤੋਂ ਉੱਤਰ ਵੱਲ ਰੇਅ ਲਾਅਸਨ ਬੁਲੇਵਾਰਡ ਤੇ ਮੈਕਲਾਫਲਿਨ ਰੋਡ ਉੱਤੇ ਸ਼ਾਮੀਂ 6:30 ਵਜੇ ਦੇ ਨੇੜੇ ਤੇੜੇ



ਵਾਪਰਿਆ। ਜ਼ਖ਼ਮੀ ਲੜਕੀ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਉਸ ਦੀ ਹਾਲਤ ਨਾਜ਼ੁਕ ਪਰ ਸਥਿਰ ਦੱਸੀ ਜਾਂਦੀ ਹੈ। ਪੀਲ ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਸ਼ਾਮਲ ਗੱਡੀ ਮੌਕੇ ਉੱਤੇ ਹੀ ਮੌਜੂਦ ਰਹੀ।

ਕਿਸੇ ਖਿਲਾਫ ਚਾਰਜ ਲਾਏ ਗਏ ਹਨ ਜਾਂ ਨਹੀਂ ਇਸ ਬਾਰੇ ਪੁਲਿਸ ਵੱਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਜਾਂਚ ਲਈ ਇਸ ਇਲਾਕੇ ਦੀਆਂ ਸੜਕਾਂ ਨੂੰ ਬੰਦ ਕਰ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਉਨ੍ਹਾਂ ਨੂੰ ਖੋਲ੍ਹ ਦਿੱਤਾ ਗਿਆ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ 14 ਸਾਲਾ ਲੜਕਾ ਜ਼ਖ਼ਮੀ



ਮਿਸੀਸਾਗਾ, 18 ਅਕਤੂਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਗੱਡੀ ਵੱਲੋਂ ਬਾਈਕ ਨੂੰ ਟੱਕਰ ਮਾਰੇ ਜਾਣ ਕਾਰਨ 14 ਸਾਲਾ ਲੜਕਾ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਇਲਾਜ ਲਈ ਫੌਰਨ ਟਰੌਮਾ ਸੈਂਟਰ ਲਿਜਾਇਆ ਗਿਆ।

ਪੀਲ ਪੁਲਿਸ ਨੂੰ ਰਾਤੀਂ 8:30 ਵਜੇ ਹੁਰੌਨਤਾਰੀਓ ਰੋਡ ਤੇ ਕਰੀਆ ਡਰਾਈਵ ਇਲਾਕੇ ਵਿੱਚ ਸੱਦਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਪਾਰਕਿੰਗ ਵਾਲੇ ਏਰੀਆ ਵਿੱਚ ਇੱਕ ਸਾਈਕਲਿਸਟ ਨੂੰ ਗੱਡੀ ਵੱਲੋਂ ਟੱਕਰ ਮਾਰ ਦਿੱਤੇ ਜਾਣ ਕਾਰਨ ਲੜਕਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਲੜਕੇ ਦੀ ਹਾਲਤ ਕਾਫੀ ਨਾਜ਼ੁਕ ਹੈ। ਇਸ ਸਬੰਧ ਵਿੱਚ ਕੋਈ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ।

# ਪੰਜਾਬ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ ਦੀਆਂ ਚੋਣਾਂ ਵਿਚ 'ਆਪ' ਦੇ ਵਿਦਿਆਰਥੀ ਵਿੰਗ ਸੀ.ਵਾਈ.ਐੱਸ.ਐੱਸ. ਦੀ ਸ਼ਾਨਦਾਰ ਜਿੱਤ

ਚੰਡੀਗੜ੍ਹ, 18 ਅਕਤੂਬਰ (ਪੋਸਟ ਬਿਊਰੋ): ਪੰਜਾਬ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਵਿਦਿਆਰਥੀ ਵਿੰਗ 'ਛਾਤਰਾ ਯੁਵਾ ਸੰਘਰਸ਼ ਸਮਿਤੀ' (ਸੀਵਾਈਐੱਸਐੱਸ) ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਸੀਵਾਈਐੱਸਐੱਸ ਦੇ ਆਯੂਸ਼ ਖਟਕੜ ਪੰਜਾਬ ਯੂਨੀਵਰਸਿਟੀ ਦੇ ਨਵੇਂ ਵਿਦਿਆਰਥੀ ਪ੍ਰਧਾਨ ਚੁਣੇ ਗਏ।

ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਵਿਦਿਆਰਥੀ ਯੂਨੀਅਨ ਚੋਣਾਂ ਦਾ ਇੰਚਾਰਜ ਬਣਾਇਆ ਗਿਆ ਅਤੇ ਸੀ ਵਾਈ ਐੱਸ ਐੱਸ ਨੇ ਪਹਿਲੀ ਵਾਰ ਵਿਦਿਆਰਥੀ ਚੋਣਾਂ ਵਿੱਚ ਹਿੱਸਾ ਲਿਆ ਅਤੇ ਪਹਿਲੀ ਵਾਰ 'ਚ ਹੀ ਸ਼ਾਨਦਾਰ ਜਿੱਤ ਹਾਸਲ ਕੀਤੀ।

'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਟਵੀਟ ਕਰਕੇ ਆਯੂਸ਼ ਖਟਕੜ ਨੂੰ ਵਧਾਈ ਦਿੱਤੀ ਅਤੇ ਲਿਖਿਆ, "ਆਪ ਦੇ ਵਿਦਿਆਰਥੀ ਸੰਗਠਨ ਸੀ ਵਾਈ ਐੱਸ ਐੱਸ ਨੂੰ ਪੰਜਾਬ ਯੂਨੀਵਰਸਿਟੀ ਚੋਣਾਂ 'ਚ



ਸ਼ਾਨਦਾਰ ਜਿੱਤ ਮਿਲੀ ਹੈ। ਆਯੂਸ਼ ਖਟਕੜ ਨੂੰ ਪ੍ਰਧਾਨ ਬਣਨ 'ਤੇ ਬਹੁਤ-ਬਹੁਤ ਵਧਾਈਆਂ! ਅੱਜ ਦੇਸ਼ ਭਰ 'ਚ ਨੌਜਵਾਨ 'ਆਪ' ਨੂੰ ਵੱਡੀਆਂ ਉਮੀਦਾਂ ਨਾਲ ਦੇਖ ਰਹੇ ਹਨ ਅਤੇ ਵੱਡੀ ਗਿਣਤੀ 'ਚ ਪਾਰਟੀ ਨਾਲ ਜੁੜ ਰਹੇ ਹਨ। 'ਆਪ' ਨੌਜਵਾਨਾਂ ਦੀ ਪਾਰਟੀ ਹੈ। ਆਉਣ ਵਾਲੇ ਸਮੇਂ ਵਿੱਚ ਨੌਜਵਾਨ ਹੀ ਦੇਸ਼ ਦੀ ਵਾਗਡੋਰ ਸੰਭਾਲਣਗੇ।"

ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਦੀ ਜਿੱਤ 'ਤੇ ਵਧਾਈ ਦਿੱਤੀ ਅਤੇ ਟਵੀਟ ਕੀਤਾ, "ਨੌਜਵਾਨ ਚਾਹੁਣ ਤਾਂ ਦੇਸ਼ ਦੀ ਤਕਦੀਰ ਬਦਲ ਸਕਦੇ ਹਨ। ਅੱਜ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਇਹ ਸਾਬਤ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਦੀ ਸੀ ਵਾਈ ਐੱਸ ਐੱਸ ਨੇ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਵਿੱਚ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਜਿੱਤ ਨੇ ਭਗਤ ਸਿੰਘ ਦੀ ਸੋਚ ਨੂੰ ਹੋਰ ਮਜ਼ਬੂਤ ਕੀਤਾ ਹੈ। ਆਯੂਸ਼ ਖਟਕੜ ਅਤੇ ਪੂਰੀ ਟੀਮ ਨੂੰ ਵਧਾਈਆਂ!"

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC Member
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਬਰੈਂਪਟਨ ’ਚ ਸਤਪਾਲ ਸਿੰਘ ਜੌਹਲ ਦੀ ਚੋਣ ਮੁਹਿੰਮ ਸਿਖਰਾਂ ’ਤੇ

## ਆਪ ਮੁਹਾਰੇ ਸਹਿਯੋਗ ਲਈ ਕਮਿਊਨਿਟੀ, ਮੀਡੀਆ ਅਤੇ ਸੰਸਥਾਵਾਂ ਦਾ ਕੀਤਾ ਧੰਨਵਾਦ

ਬਰੈਂਪਟਨ, (ਹਰਜੀਤ ਸਿੰਘ ਬਾਜਵਾ): 24 ਅਕਤੂਬਰ ਨੂੰ ਹੋਣ ਵਾਲੀ ਮਿਊਂਸਪਲ ਇਲੈਕਸ਼ਨ ਵਿੱਚ ਬਰੈਂਪਟਨ ਦੇ ਵਾਰਡ 9-10 ਤੋਂ ਪਬਲਿਕ ਸਕੂਲ ਬੋਰਡ ਟਰੱਸਟੀ ਉਮੀਦਵਾਰ ਸਤਪਾਲ ਸਿੰਘ ਜੌਹਲ ਦੀ ਚੋਣ ਮੁਹਿੰਮ ਬੁਲੰਦੀ ਉਪਰ ਪੁੱਜੀ ਹੋਈ ਜਾਪਦੀ ਹੈ ਅਤੇ ਭਾਈਚਾਰੇ ਵਲੋਂ ਉਨ੍ਹਾਂ ਦਾ ਆਪ ਮੁਹਾਰੇ ਸਾਥ ਦਿੱਤਾ ਜਾਣਾ ਜਾਰੀ ਹੈ। ਬੀਤੇ ਦਿਨੀਂ ਸ. ਜੌਹਲ ਨੇ ਚੋਣ ਪ੍ਰਚਾਰ ਦੌਰਾਨ ਵਾਰਡ 9 ਅਤੇ 10 ਵਿੱਚ ਵੱਖ-ਵੱਖ ਭਾਈਚਾਰਿਆਂ ਦੀਆਂ ਚੋਣ ਰੈਲੀਆਂ ਤੇ ਨੁੱਕੜ ਮੀਟਿੰਗਾਂ ਨੂੰ ਸੰਬਧਨ ਕੀਤਾ ਅਤੇ ਭਰਵਾਂ ਸਾਥ ਦੇਣ ਲਈ ਕਮਿਊਨਿਟੀ, ਸੰਸਥਾਵਾਂ, ਆਗੂਆਂ ਅਤੇ ਮੀਡੀਆ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਤਪਾਲ ਸਿੰਘ ਜੌਹਲ ਨੇ ਦੱਸਿਆ ਕਿ ਲੋਕਾਂ ਦੀਆਂ ਵਿਦਿਅਕ ਸਿਸਟਮ ਅਤੇ ਸਕੂਲਾਂ ਨਾਲ ਸਬੰਧਿਤ ਮੁਸ਼ਕਿਲਾਂ ਸੁਣ ਕੇ ਆਪਣੇ ਚੋਣ ਮਨੋਰਥ ਪੱਤਰ ਨੂੰ ਆਖਰੀ ਰੂਪ ਦਿੱਤਾ ਸੀ ਜਿਸ ਕਰਕੇ ਲੋਕਾਂ ਦਾ ਮੰਨਣਾ ਹੈ ਕਿ ਸਤਪਾਲ ਸਿੰਘ ਜੌਹਲ ਦਾ ਸਾਥ ਦੇਣਾ ਸਮੇਂ ਦੀ ਲੋੜ ਹੈ। ਇਹ ਵੀ ਕਿ ਬੀਤੇ ਸਮੇਂ ਵਿੱਚ ਸ. ਜੌਹਲ ਵਲੋਂ ਕਮਿਊਨਿਟੀ ਦੇ ਹਿੱਤ ਵਿੱਚ ਕੀਤੇ ਗਏ ਕਾਰਜਾਂ ਅਤੇ ਕੱਢੇ ਗਏ ਉਸਾਰੂ ਸਿੱਟਿਆਂ ਤੋਂ ਵੀ ਲੋਕ ਪ੍ਰਭਾਵਿਤ ਹਨ ਅਤੇ ਮੰਨਿਆ ਜਾ ਰਿਹਾ ਹੈ ਕਿ ਕਮਿਊਨਿਟੀ ਵੀ ਆਪਣਾ ਫਰਜ਼ ਸਮਝਦੇ ਹੋਏ ਸਤਪਾਲ ਸਿੰਘ ਜੌਹਲ ਦੇ ਨਾਲ਼ ਹੈ। ਮਿਲੀ ਜਾਣਕਾਰੀ ਅਨੁਸਾਰ 24 ਅਕਤੂਬਰ ਨੂੰ ਪੋਲਿੰਗ ਸਟੇਸ਼ਨ ਸਵੇਰੇ 10 ਵਜੇ ਖੁਲ੍ਹ ਜਾਣਗੇ ਅਤੇ ਰਾਤ 8 ਵਜੇ ਤੱਕ ਵੋਟਾਂ ਪਾਈਆਂ ਜਾ ਸਕਦੀਆਂ ਹਨ। ਪੰਜ ਦਿਨਾਂ ਦੀ ਐਡਵਾਂਸ ਪੋਲਿੰਗ ਦੌਰਾਨ ਵਾਰਡ 9 ਅਤੇ 10 ਵਿੱਚ 5800 ਤੋਂ ਵੱਧ ਵੋਟਾਂ ਪੋਲ ਹੋ ਚੁੱਕੀਆਂ ਹਨ ਪਰ ਪਬਲਿਕ ਸਕੂਲ ਬੋਰਡ ਵਾਸਤੇ ਅਜੇ ਵੀ ਲੱਗਭੱਗ 60000 ਰਜਿਸਟਰਡ ਵੋਟਰ ਵੋਟ ਪਾ ਸਕਦੇ ਹਨ ਜਿਨ੍ਹਾਂ ਕੋਲ਼ 24 ਅਕਤੂਬਰ ਨੂੰ ਮੌਕਾ ਹੋਵੇਗਾ। ਸ. ਜੌਹਲ ਨੇ ਕਿਹਾ ਕਿ ਚੋਣ ਵਿੱਚ ਸਫਲਤਾ ਮਿਲਣ ਤੋਂ ਬਾਅਦ ਸਕੂਲ ਟਰੱਸਟੀ ਵਜੋਂ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਅਤੇ ਉਨ੍ਹਾਂ ਦਾ ਜੀਵਨ ਸੌਖਾ ਕਰਨ ਲਈ ਨਿੱਠ ਕੇ ਕੰਮ ਕੀਤਾ ਜਾਵੇਗਾ।






# ਮੁੱਖ ਮੰਤਰੀ ਮਾਨ ਦੀ ਕੋਠੀ ਅੱਗੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵਿਰੁੱਧ ਕਿਸਾਨਾਂ ਦਾ ਅਣਮਿੱਥੇ ਸਮੇਂ ਦਾ ਪੱਕਾ ਮੋਰਚਾ ਜਾਰੀ

ਸੰਗਰੂਰ, 18 ਅਕਤੂਬਰ (ਪੋਸਟ ਬਿਊਰੋ): ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵਿਰੁੱਧ ਅਣਮਿੱਥੇ ਸਮੇਂ ਲਈ ਪੱਕਾ ਮੋਰਚਾ ਸੀਐੱਮ ਦੀ ਰਿਹਾਇਸ਼ ਪਟਿਆਲਾ ਰੋਡ ਗਰੀਨ ਲੈਂਡ ਕਲੋਨੀ ਦੇ ਅੱਗੇ ਅੱਜ ਦਸਵੇਂ ਦਿਨ ਵਿਚ ਦਾਖ਼ਲ ਹੋ ਚੁੱਕਿਆ ਹੈ।

ਅੱਜ ਦੇ ਸਟੇਜ ਜ਼ਿਲ੍ਹਾ ਮਲੇਰਕੋਟਲੇ ਦਾ ਆਗੂ ਨਿਰਮਲ ਸਿੰਘ ਅਲੀਪੁਰ ਨੇ ਚਲਾਈ ਹੈ ਜਿਸ ਵਿੱਚ ਧਰਨੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਅਤੇ ਔਰਤਾਂ ਨੇ ਹਾਜ਼ਰੀ ਲਵਾਈ। ਧਰਨੇ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਆਪ ਦੀ ਮਾਨ ਸਰਕਾਰ ਵੀ ਦੂਜੀਆਂ ਸਰਕਾਰਾਂ ਦੀ ਤਰ੍ਹਾਂ ਲੋਕ ਮਾਰੂ ਨੀਤੀਆਂ 'ਤੇ ਚਲਦੀ ਹੈ। ਇੱਥੇ ਹਜ਼ਾਰਾਂ ਕਿਸਾਨ ਸੜਕਾਂ 'ਤੇ ਝਾੜ ਮੁਹੱਲਿਆਂ ਵਿਚ ਰਾਤਾਂ ਕੱਟਣ ਲਈ ਮਜਬੂਰ ਹਨ। ਕੱਲ੍ਹ ਰਾਤ ਗੁਰਚਰਨ ਸਿੰਘ ਪਿੰਡ ਬਖੌਰਾ ਕਲਾਂ ਦਾ ਕਿਸਾਨ ਸੱਪ ਲੜਨ ਕਰਕੇ ਮੌਤ ਹੋਈ ਹੈ। ਜਿਸ ਦੀ ਜ਼ੰਮੇਵਾਰ ਇਹੀ ਸਰਕਾਰ ਹੈ। ਮ੍ਰਿਤਕ ਕਿਸਾਨ ਦੇ ਪਰਿਵਾਰ ਨੂੰ ਦਸ ਲੱਖ ਮੁਆਵਜ਼ਾ ਤੇ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀ ਅਤੇ ਕਰਜ਼ਾ ਮੁਆਫ਼ ਕੀਤਾ ਜਾਵੇ ਫੇਰ ਹੀ ਮ੍ਰਿਤਕ ਸਰੀਰ ਦਾ ਅੰਤਮ ਸੰਸਕਾਰ ਕੀਤਾ ਜਾਵੇਗਾ। ਕੱਲ ਮ੍ਰਿਤਕ ਕਿਸਾਨ ਦੇ ਮੁਆਵਜ਼ੇ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨਾਲ ਮੀਟਿੰਗ ਵੀ ਕੀਤੀ ਗਈ ਜੋ ਕਿ ਬੇਸਿੱਟਾ ਰਹੀ।













# ਤਿਉਹਾਰਾਂ ਦੇ ਮੌਸਮ 'ਚ ਮਿਲਾਵਟ ਦੀ ਖੇਡ

ਤਿਉਹਾਰਾਂ ਦਾ ਮੌਸਮ ਸ਼ੁਰੂ ਹੁੰਦੇ ਹੀ ਸਾਰੇ ਦੇਸ਼ ਵਿਚ ਲੋਕਾਂ ਨੇ ਆਪੋ-ਆਪਣੇ ਪੱਧਰ 'ਤੇ ਤਿਉਹਾਰ ਮਨਾਉਣ ਦੀ ਜ਼ੋਰ-ਸ਼ੋਰ ਨਾਲ ਤਿਆਰੀ ਸ਼ੁਰੂ ਕਰ ਦਿੱਤੀ ਹੈ। ਤਿਉਹਾਰਾਂ 'ਤੇ ਹਰ ਕੋਈ ਆਪੋ-ਆਪਣੀ ਪਹੁੰਚ ਮੁਤਾਬਕ ਨਵੇਂ ਕੱਪੜੇ, ਗਹਿਣੇ, ਮਿਠਾਈਆਂ ਅਤੇ ਫਲ-ਫਰੂਟ ਖਰੀਦ ਦਾ ਹੈ। ਭਾਰਤ ਵਿਚ ਹਾਸੇ ਠੱਠੇ ਅਤੇ ਖੁਸ਼ੀ ਨਾਲ ਤਿਓਹਾਰ ਮਨਾਉਣ ਦੀ ਪਰੰਪਰਾ ਹੈ। ਅਕਤੂਬਰ ਮਹੀਨੇ 'ਚ ਦਸ਼ਹਿਰੇ ਤੋਂ ਲੈਕੇ ਦਿਵਾਲੀ ਤੱਕ ਲਗਪਗ ਇਕ ਦਰਜ਼ਨ ਛੋਟੇ ਅਤੇ ਵੱਡੇ ਤਿਓਹਾਰ ਆਉਂਦੇ ਹਨ। ਸਾਰੇ ਤਿਓਹਾਰ ਸਾਡੀ ਲੋਕ ਸੰਸਕ੍ਰਿਤੀ 'ਚ ਰਚੇ -ਵਸੇ ਹਨ। ਅਸੀਂ ਸ਼ੁਰੂ ਤੋਂ ਹੀ ਗੀਤ-ਸੰਗੀਤ, ਨੱਚਣ-ਗਾਉਣ ਅਤੇ ਖਾਣ -ਪੀਣ ਨਾਲ ਆਪਣੇ ਤਿਓਹਾਰ ਮਨਾਉਂਦੇ ਹਾਂ।

ਤਿਓਹਾਰਾ ਦੇ ਮੌਸਮ ਸ਼ੁਰੂ ਹੋਣ ਦੇ ਨਾਲ ਹੀ ਸੋਨੇ ਤੋਂ ਲੈਕੇ ਰਸੋਈ ਤੱਕ ਮਿਲਾਵਟਖੋਰ ਵੀ ਸਰਗਰਮ ਹੋ ਜਾਂਦੇ ਹਨ। ਹਰ ਚੀਜ ਵਿਚ ਮਿਲਾਵਟ ਜਿਵੇਂ ਆਮ ਗੱਲ ਹੋ ਗਈ ਹੈ। ਮਿਠਾਈ ਤੋਂ ਬਿਨਾਂ ਤਿਓਹਾਰ ਅਧੂਰਾ ਹੈ। ਤਿਓਹਾਰ ਆਵੇ ਅਤੇ ਅਸੀਂ ਮਿਠਾਈ ਨਾ ਖਾਈਏ ਇਹ ਹੋ ਨਹੀਂ ਸਕਦਾ। ਮਿਠਾਈ ਤਿਓਹਾਰਾਂ ਦੀ ਖੁਸ਼ੀ ਨੂੰ ਦੁੱਗਣਾ ਕਰ ਦਿੰਦੀ ਹੈ। ਮਿਲਾਵਟਖੋਰ ਵੀ ਇਸੇ ਇੰਤਜ਼ਾਰ 'ਚ ਰਹਿੰਦੇ ਹਨ ।ਉਨ੍ਹਾਂ ਦੀਆ ਦੁਕਾਨਾਂ ਰੰਗ-ਬਿਰੰਗੀਆ ਮਿਠਾਈਆਂ ਨਾਲ ਸਜ ਜਾਂਦੀਆਂ ਹਨ ਅਤੇ ਅਸੀਂ ਉਨ੍ਹਾਂ ਮਿਠਾਈਆਂ



ਹਰਪ੍ਰੀਤ ਸਿੰਘ ਬਰਾੜ
ਸਿਹਤ,ਸਿੱਖਿਆ ਅਤੇ ਸਮਾਜਕ ਲੇਖਕ
ਮੇਨ ਏਅਰ ਫੋਰਸ ਰੋਡ,ਬਠਿੰਡਾ

ਨੂੰ ਬਿਨਾਂ ਜਾਂਚੇ -ਪਰਖੇ ਖਰੀਦ ਲੈ ਆਉਂਦੇ ਹਾਂ। ਮਿਲਾਵਟਖੋਰ ਜਿਆਦਾ ਮੁਨਾਫ਼ੇ ਦੇ ਚੱਕਰ 'ਚ ਧੜੱਲੇ ਨਾਲ ਆਪਣਾ ਮਿਲਾਵਟੀ ਸਮਾਨ ਵੇਚਦੇ ਦੇਰ ਨਹੀਂ ਲਾਉਂਦੇ।ਮਿਲਾਵਟਖੋਰਾਂ ਨੂੰ ਨਿਯਮ-ਕਾਨੂੰਨ ਦਾ ਵੀ ਡਰ ਨਹੀਂ ਰਿਹਾ ਹੈ। ਖਾਸਕਰ ਖਾਣ-ਪੀਣ ਦੀਆ ਵਸਤਾਂ 'ਚ ਅਸ਼ੁੱਧ, ਸਸਤੀਆ ਅਤੇ ਬੇਲੋੜੀਆਂ ਚੀਜ਼ਾਂ ਦੇ ਮਿਲਾਉਣ ਨੂੰ ਮਿਲਾਵਟ ਕਿਹਾ ਜਾਂਦਾ ਹੈ। ਅੱਜ ਸਮਾਜ ਵਿਚ ਹਰ ਪਾਸੇ ਮਿਲਾਵਟ ਹੀ ਮਿਲਾਵਟ ਦੇਖਣ ਨੂੰ ਮਿਲ ਰਹੀ ਹੈ। ਪਾਣੀ ਤੋਂ ਸੋਨੇ ਤੱਕ ਮਿਲਾਵਟ ਦੇ ਬਜਾਰ ਨੇ ਸਾਡੀ ਬੁਨਿਆਦ ਹੀ ਹਿਲਾ ਕੇ ਰੱਖ ਦਿੱਤੀ ਹੈ, ਪਹਿਲਾਂ ਸਿਰਫ ਦੁੱਧ 'ਚ ਪਾਣੀ ਅਤੇ ਦੇਸ਼ੀ ਘਿਓ 'ਚ ਵਨਸਪਤੀ (ਡਾਲਡਾ) ਦੀ ਮਿਲਾਵਟ ਦੀ ਗੱਲ ਸੁਣੀ ਜਾਂਦੀ ਸੀ, ਪਰ ਅੱਜ ਘਰ -ਘਰ ਵਿਚ ਲਗਪਗ ਹਰੇਕ ਚੀਜ਼ 'ਚ ਮਿਲਾਵਟ ਦੇਖਣ ਨੂੰ ਮਿਲ ਰਹੀ ਹੈ।

ਮਿਲਾਵਟ ਦਾ ਮਤਲਬ ਕੁਦਰਤੀ ਤੱਤਾਂ ਜਾਂ ਪਦਾਰਥਾ 'ਚ ਬਾਹਰੀ, ਬਣੌਟੀ ਜਾਂ ਹੋਰ ਮਾੜੀਆਂ ਚੀਜਾਂ ਦੇ ਮਿਸ਼ਰਣ ਤੋਂ ਹੈ। ਮੁਨਾਫ਼ਾਖੋਰੀ ਕਰਨ ਵਾਲੇ ਲੋਕ ਰਾਤੋਰਾਤ ਅਮੀਰ ਬਣਨ ਦੇ ਸੁਫ਼ਨੇ ਦੇਖਦੇ ਹਨ। ਆਪਣੇ ਇਹੋ ਜਿਹੇ ਸੁਫ਼ਨੇ ਸੱਚ ਕਰਨ ਕਰਨ ਦੇ ਲਹੀ ਉਹ ਬਿਨਾਂ ਸੋਚੇ ਸਮਝੇ ਮਿਲਾਵਟ ਦਾ ਸਹਾਰਾ ਲੈਂਦੇ ਹਨ।ਸਸਤੀਆ ਅਤੇ ਘਟੀਆ ਚੀਜਾਂ ਨਾਲ ਅਸਲ ਅਤੇ ਸ਼ੁੱਧ ਸਮਾਨ 'ਚ ਮਿਲਾਵਟ ਕਰਕੇ ਮਹਿੰਗੀਆਂ ਕੀਮਤਾਂ 'ਤੇ ਵੇਚਕੇ ਲੋਕਾਂ ਨੂੰ ਨਾ ਸਿਰਫ ਧੋਖਾ ਦਿੱਤਾ ਜਾਂਦਾ ਹੈ, ਸਗੋਂ ਸਾਡੀ ਸਿਹਤ ਨਾਲ ਵੀ ਖਿਲਵਾੜ ਕੀਤਾ ਜਾਂਦਾ ਹੈ। ਮਿਲਾਵਟੀ ਪਦਾਰਥਾਂ ਨਾਲ ਹਰੇਕ ਸਾਲ ਹਜਾਰਾਂ ਲੋਕ ਕਈ ਬਿਮਾਰੀਆਂ ਦੇ ਸ਼ਿਕਾਰ ਹੋਕੇ ਆਪਣੀ ਕੀਮਤੀ ਜਾਨ ਗਵਾ ਬਹਿੰਦੇ ਹਨ।

ਮਿਲਾਵਟ ਦਾ ਧੰਧਾ ਹਰ ਪਾਸੇ ਦੇਖਣ ਨੂੰ ਮਿਲ ਰਿਹਾ ਹੈ। ਦੁੱਧ ਵੇਚਣ ਅਤੇ ਮਿਲਾਵਟ ਕਰਨ ਵਾਲਿਆਂ ਤੋਂ ਲੈਕੇ ਨਾਮੀ ਕੰਪਨੀਆਂ ਤੱਕ ਨੇ ਮਿਲਾਵਟ ਦੇ ਬਜ਼ਾਰ 'ਤੇ ਆਪਣਾ ਕਬਜ਼ਾ ਕਰ ਲਿਆ ਹੈ। ਸੱਚ ਤਾਂ ਇਹ ਹੈ ਕਿ ਅਸੀਂ ਜੋ ਕੁਝ ਵੀ ਖਾ ਰਹੇ ਹਾਂ, ਉਨ੍ਹਾਂ ਸਾਰੀਆ ਚੀਜਾਂ ਵਿਚ ਮਿਲਾਵਟ ਹੋ ਰਹੀ ਹੈ। ਦੁੱਧ, ਸੁੱਕੇ ਮੇਵੇ, ਘਿਓ, ਹਲਦੀ, ਲਾਲ ਮਿਰਚ, ਧਨੀਆਂ, ਫਲ-ਸਬਜੀਆਂ ਸਭ ਮਿਲਾਵਟ ਦੀ ਚਪੇਟ ਵਿਚ ਆ ਚੁੱਕੇ ਹਨ। ਅੱਜ ਖਾਣ-ਪੀਣ ਸਮੇਤ ਸਾਰੀਆਂ ਚੀਜਾਂ 'ਚ ਧੜੱਲੇ ਨਾਲ ਮਿਲਾਵਟ ਹੋ ਰਹੀ ਹੈ। ਖਾਣ ਵਾਲੀ ਅਜਿਹੀ ਕੋਈ ਚੀਜ ਨਹੀਂ ਹੈ, ਜੋ ਜ਼ਹਿਰੀਲੇ ਕੀਟਨਾਸ਼ਕਾਂ ਅਤੇ ਮਿਲਾਵਟ ਤੋਂ ਮੁਕਤ ਹੋਵੇ। ਬਜਾਰ 'ਚ ਪਪੀਤਾ, ਅੰਬ, ਕੇਲਾ, ਸੇਬ ਅਤੇ ਅਨਾਰ ਜਿਹੇ ਫਲਾਂ ਨੂੰ ਕੈਲਸ਼ੀਅਮ ਕਾਰਬਾਈਡ ਦੀ ਮਦਦ ਨਾਲ ਸਮੇਂ ਤੋਂ ਪਹਿਲਾਂ ਪਕਾਇਆ ਜਾਂਦਾ ਹੈ। ਡਾਕਟਰਾਂ ਅਤੇ ਸਿਹਤ ਮਾਹਿਰਾ ਦੇ ਮੁਤਾਬਕ ਅਜਿਹੇ ਫਲ ਸਿਹਤ ਲਈ ਬਹੁਤ ਹਾਨੀਕਾਰਕ ਹਨ। ਫਲਾਂ ਨੂੰ ਸੁਣਹਿਰਾ ਬਣਾਉਣ ਦੇ ਲਈ ਪੈਰਾਫੀਨ ਵੈਕਸ(ਮੋਮ) ਵੀ ਲਗਾਈ ਜਾ ਰਹੀ ਹੈ।ਇਨ੍ਹਾਂ ਫਲਾ ਨੂੰ ਖਾਣ ਨਾਲ ਕੈਂਸਰ ਅਤੇ ਡਾਇਰੀਏ ਜਿਹੀਆਂ ਬਿਮਾਰੀਆਂ ਹੁੰਦੀਆਂ ਹਨ।ਡੇਅਰੀ ਅਤੇ ਖੇਤੀ ਉਤਪਾਦਾਂ-ਖਾਸਕਰ ਕੱਚੀਆਂ ਸਬਜੀਆਂ 'ਚ ਆੱਕਸਿਟੋਸਿਨ ਦਾ ਬਹੁਤ ਇਸਤੇਮਾਲ ਹੋ ਰਿਹਾ ਹੈ। ਸਾਡੇ ਦੇਸ਼ 'ਚ ਮਿਲਾਵਟ ਕਰਨ ਨੂੰ ਇਕ ਗੰਭੀਰੀ ਜੁਰਮ ਮੰਨਿਆ ਗਿਆ ਹੈ।ਮਿਲਾਵਟ ਸਾਬਤ ਹੋਣ 'ਤੇ ਭਾਰਤੀ ਕਾਨੂੰਨ ਦੀ ਧਾਰਾ 272 ਦੇ ਤਹਿਤ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਦੇਣ ਦਾ ਜ਼ਿਕਰ ਹੈ। ਪਰ ਬਹੁਤ ਘਟ ਮਾਮਲਿਆਂ 'ਚ ਸਜਾ ਅਤੇ ਜੁਰਮਾਨਾ ਹੋ ਪਾਉਂਦਾ ਹੈ। ਮਿਲਵਾਟੀ ਪਦਾਰਥਾਂ ਦੇ ਸੇਵਨ ਨਾਲ ਮਨੁੱਖ ਕਈ ਤਰ੍ਹਾਂ ਦੀਆ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਪੇਟ ਦੀਆਂ ਗੰਭੀਰ ਬਿਮਾਰੀਆਂ ਤੋਂ ਲੈਕੇ ਕੈਂਸਰ ਤੱਕ ਦੇ ਰੋਗ ਵੀ ਲੱਗ ਜਾਂਦੇ ਹਨ। ਅੱਖਾਂ ਦੀ ਨਜ਼ਰ ਚਲੇ ਜਾਣਾ ਅਤੇ ਅਪਾਹਜਤਾ ਨੂੰ ਵੀ ਝੱਲਣਾ ਪੈਂਦਾ ਹੈ। ਮਿਲਾਵਟ ਸਿੱਧ ਹੋਣ 'ਤੇ ਕਈ ਵਾਰ ਛੋਟੇ-ਮੋਟੇ ਮਿਲਾਵਟਖੋਰਾਂ ਦੀ ਧਰ -ਪਕੜ ਦੀਆਂ ਖਬਰਾਂ ਜਰੂਰ ਪੜ੍ਹਨ ਅਤੇ ਸੁਣਨ ਨੂੰ ਮਿਲ ਜਾਂਦੀਆ ਹਨ ਪਰ ਮਿਲਾਵਟ ਦਾ ਥੋਕ ਵਪਾਰ ਕਰਨ ਵਾਲੇ ਲੋਕ ਅਕਸਰ ਕਾਨੂੰਨ ਦੀ ਪਹੁੰਚ ਤੋਂ ਦੂਰ ਰਹਿ ਜਾਂਦੇ ਹਨ।



## ਪਿਆਰੇ ਬੱਚਿਆਂ ਦੇ ਨਾਂ ਸੰਦੇਸ਼...

ਪਿਆਰੇ ਬੱਚਿਓ ! ਸਤਿ ਸ੍ਰੀ ਅਕਾਲ , ਨਮਸਤੇ , ਗੁੱਡ ਮਾੱਰਨਿੰਗ। ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕੇ ਪੜ੍ਹਾਈ ਸਾਡੇ ਲਈ ਬਹੁਤ ਜ਼ਰੂਰੀ ਹੈ। ਪੜ੍ਹੇ - ਲਿਖੇ ਇਨਸਾਨ ਦੀ ਹਰ ਥਾਂ ਕਦਰ ਹੁੰਦੀ ਹੈ। ਪੜ੍ਹਾਈ ਸਾਨੂੰ ਸਫਲਤਾ ਪ੍ਰਦਾਨ ਕਰਵਾਉਂਦੀ ਹੈ , ਪਰ ਬੱਚਿਓ ! ਜਿੱਥੇ ਪੜ੍ਹਾਈ ਜ਼ਰੂਰੀ ਹੈ , ਉੱਥੇ ਹੀ ਸਕੂਲ ਵਿੱਚ ਕਰਵਾਈਆਂ ਜਾਣ ਵਾਲੀਆਂ ਦੂਜੀਆਂ ਗਤੀਵਿਧੀਆਂ ਜਿਵੇਂ ਖੇਡਾਂ , ਬਾਲ ਸਭਾ , ਵੱਖ - ਵੱਖ ਤਰ੍ਹਾਂ ਦੇ ਮੁਕਾਬਲਿਆਂ , ਪੇਂਟਿੰਗ ਕਰਨਾ , ਪੁਸਤਕਾਲੇ ( ਲਾਇਬਰੇਰੀ ) ਦੀਆਂ ਪੁਸਤਕਾਂ ਪੜ੍ਹਨਾ , ਅਖ਼ਬਾਰਾਂ ਪੜ੍ਹਨਾ , ਖਬਰਾਂ ਪੜ੍ਹਨਾ ਤੇ ਸੁਣਨਾ , ਕਾਰਟੂਨ ਪ੍ਰੋਗਰਾਮ ਦੇਖਣਾ ,



-ਰਜਨੀ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ।

ਵੱਖ - ਵੱਖ ਭਾਸ਼ਾਵਾਂ ਦੇ ਰਸਾਲੇ ਪੜ੍ਹਨਾ , ਬਾਲ ਸਾਹਿਤ ਪੜ੍ਹਨਾ ਜਾਂ ਲਿਖਣਾ ਤੇ ਸਥਾਨਕ ਮੇਲਿਆਂ ਆਦਿ ਵਿੱਚ ਤੁਹਾਨੂੰ ਦਿਲਚਸਪੀ ਜ਼ਰੂਰ ਰੱਖਣੀ ਚਾਹੀਦੀ ਹੈ। ਇਸ ਸਭ ਦੇ ਨਾਲ ਸਾਨੂੰ ਸੁਚਾਰੂ ਜੀਵਨ ਜਾਂਚ ਦਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਜੀਵਨ ਵਿੱਚ ਸਹੀ ਤੇ ਸੁਚੱਜੇ ਢੰਗ ਨਾਲ ਸਮਾਯੋਜਨ ਕਰਨ ਦਾ ਗਿਆਨ ਹਾਸਿਲ ਕੀਤਾ ਜਾ ਸਕਦਾ ਹੈ। ਸਾਡੇ ਸਰਬਪੱਖੀ ਵਿਕਾਸ ਲਈ ਇਹ ਵੱਖ - ਵੱਖ ਤਰ੍ਹਾਂ ਦੀਆਂ ਗਤੀਵਿਧੀਆਂ , ਕਾਰਜ ਅਤੇ ਸਮਾਜਿਕ ਮੇਲ਼ਜੋਲ਼ ਬਹੁਤ ਜ਼ਰੂਰੀ ਹੈ। ਇਨ੍ਹਾਂ ਸਥਿਤੀਆਂ ਵਿੱਚ ਵਿਚਰਨ ਵਾਲੇ ਛੋਟੇ - ਛੋਟੇ ਕੰਮ ਸਾਡੇ ਲਈ ਜ਼ਿੰਦਗੀ ਵਿੱਚ ਬਹੁਤ ਸਹਾਈ ਹੁੰਦੇ ਹਨ। ਮੈਨੂੰ ਉਮੀਦ ਹੈ ਕਿ ਮੇਰੇ ਵੱਲੋਂ ਸੁਝਾਏ ਗਏ ਇਸ ਛੋਟੇ ਜਿਹੇ ਸੁਝਾਓ ਨੂੰ ਤੁਸੀਂ ਜ਼ਰੂਰ ਅਪਣਾਉਗੇ ਅਤੇ ਤੁਹਾਨੂੰ ਜੀਵਨ ਦੇ ਹਰ ਖੇਤਰ ਵਿੱਚ ਇਨ੍ਹਾਂ ਦਾ ਬਹੁਤ ਲਾਭ ਹੋਵੇਗਾ। ਪ੍ਰਮਾਤਮਾ ਕਰੇ ! ਤੁਸੀਂ ਖ਼ੂਬ ਤਰੱਕੀ ਕਰੋ....

# ਉਚੇਰੀਆਂ ਜਾਤੀਆਂ ਗੁਰਬਤ ਵਧਾਈ ਹੁਣ ਦਲਿਤਾਂ ਦੀ ਵਾਰੀ ਆਈ

ਆਓ ਵਿਚਾਰ ਕਰੀਏ

ਸਾਡੇ ਮੁਲਕ ਵਿੱਚ ਕਈ ਧਰਮ ਹਨ, ਕਈ ਉਪ ਧਰਮ ਹਨ, ਕਈ ਆਪ ਹੀ ਘੋਸ਼ਿਤ ਉਚੀਆਂ ਜਾਤੀਆਂ ਬਣੀਆਂ ਬੈਠੀਆਂ ਹਨ ਅਤੇ ਇਸ ਸਮਾਜ ਨੇ ਆਪ ਹੀਕਈ ਲੋਕਾਂ ਨੂੰ ਦਲਿਤ ਕਰਾਰ ਦਿੱਤਾਹੈ। ਕੁਲ ਮਿਲਾਕੇ ਐਸਾ ਪਿਆ ਲਗਦਾ ਹੈ ਕਿ ਇਹ ਸਮਾਜ ਮੁਢ ਕਦੀਮਾਂ ਤੋਂ ਹੀ ਅਮੀਰਾਂ ਅਤੇ ਗ਼ਰੀਬਾਂ ਵਿੱਚ ਵੰਡਿਆ ਪਿਆ ਹੈ। ਇਹ ਗੱਲ ਵੀ ਸਪਸ਼ਟ ਜਿਹੀ ਹੋ ਗਈ ਹੈ ਕਿ ਗਰੀਬਾਂ ਨੂੰ ਹੀ ਦਲਿਤ ਕਰਾਰ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਇਸ ਸਮਾਜ ਨੇ ਹੀ ਜਾਤੀਆਂ ਦੀ ਵੰਡ ਕਰ ਮਾਰੀ ਸੀ ਅਤੇ ਆਪ ਹੀ ਲੋਕਾਂ ਨੇ ਆਪਣੀਆਂ ਜਾਂਤੀਆਂ ਨੂੰ ਉਚਾ ਘੋਸ਼ਿਤ ਕਰ ਦਿੱਤਾ ਸੀ ਅਤੇ ਆਪ ਹੀ ਗਰੀਬਾਂ ਨੂੰ ਨੀਵੀਂਆਂ ਜਾਤੀਆਂ ਘੋਸ਼ਿਤ ਵੀ ਕਰ ਦਿੱਤਾ ਸੀ ਅਤੇ ਅਜ ਤਕ ਦਾ ਇਹ ਵਾਲਾ ਸਫਰ ਬਹੁਤ ਹੀ ਭਿਆਨਕ ਰਿਹਾ ਹੈ। ਇਸ ਸਮਾਜ ਵਿੱਚ ਗ਼ਰੀਬਾਂ ਨਾਲ ਬਹੁਤ ਹੀ ਵਿਤਕਰਾ ਕੀਤਾ ਜਾਂਦਾ ਰਿਹਾ ਹੈ। ਇਹ ਵਿਦਿਆ ਵੀ ਜਦ ਦੀ ਆਈ ਹੈ ਇਹ ਵੀ ਉਚੇਰੀਆਂ ਜਾਂਤੀਆਂ ਲਈ ਹੀ ਪਹਿਲਾਂ ਆਈ ਸੀ ਅਤੇ ਬਹੁਤ ਹੀ ਦੇਰ ਬਾਅਦ ਜਾਕੇ ਇਹ ਗਰੀਬਾਂ ਤਕ ਵੀ ਪੁਜਦੀ ਕੀਤੀ ਗਈ ਹੈ ਅਤੇ ਹਾਲਾਂ ਤਕ ਵੀ ਉਚੇਰੀ ਵਿਦਿਆ ਇਤਨੀ ਮਹਿੰਗੀ ਹੈ ਕਿ ਗਰੀਬ ਲੋਕੁ ਹਾਲਾਂ ਵੀ ਆਪਣੇ ਬਚਿਆਂ ਨੂੰ ਵਾਜਬ ਵਿਦਿਆ, ਸਿਖਲਾਈ ਨਹੀਂ ਦਿਵਾ ਸਕਦੇ ਅਤੇ ਇਹੀ ਕਾਰਨ ਹੈ ਇਹ ਛੋਟੀਆਂ ਅਸਾਮੀਆ ਅੱਜ ਵੀ ਗਰੀਬਾਂ ਦੇ ਬਚਿਆਂ ਨੂੰ ਹੀ ਨਸੀਬ ਹੌਂਦੀਆਂ ਹਨ। ਅਤੇ ਘਟ ਤਨਖਾਹ ਹੋਣ ਕਾਰਲ ਇਹ ਵਿਚਾਰੇ ਗਰੀਬ ਹੀ ਰਹਿੰਦੇ ਹਨ।

ਅਸੀਂ ਦੇਖ ਰਹੇ ਹਾਂ ਕਿ ਅਜ ਤਕ ਜਿਤਨੇ ਵੀ ਵਡੇ ਅਹੁੰਦੇ ਸਰਕਾਰਾਂ ਦੇ ਦਰਬਾਰਾਂ ਵਿੱਚ ਰਹੇ ਹਨ ਇਹ ਵੀ ਅਮੀਰਾਂ ਪਾਸ ਹੀ ਰਹੇ ਹਨ ਅਤੇ ਗਰੀਬ ਵਿਚਾਰੇ ਇਸ ਮੁਲਕ ਵਿੱਚ ਚੌਕੀਦਾਰਾਂ ਦਕ ਦੀਆਂ ਅਸਾਮੀਆਂ ਤਕ ਹੀ ਪੁਜ ਸਕਦੇ ਰਹੇਹਨ।

ਅਸੀਂ ਇਹ ਵੀ ਦੇਖਿਆ ਹੈ ਕਿ ਗਰੀਬ ਦੀ ਗੁਰਬਤ ਹਮੇਸ਼ਾਂ ਹੀ ਵਧਦੀ ਰਹੀ ਹੈ ਅਤੇ ਇਕ ਵਾਰੀਂ ਜਿਹੜਾ ਵੀ ਘਰ ਗ਼ਰੀਬ ਹੋ ਗਿਆ ਫਿਰ ਉਸਦੀਆਂ ਸਾਰੀਆ ਦੀਆਂ ਸਾਰੀਆਂ ਪੀੜ੍ਹੀਆਂ ਗ਼ਰੀਬ ਹੀ ਰਹਿੰਦੀਆਂ ਹਨ ਅਤੇ ਇਹੀ ਕਾਰਨ ਹੈ ਗਰੀਬਾਂ ਦੀ ਗਿਣਤੀ ਕਦੀ ਵੀ ਘਟਦੀ ਨਹੀਂ ਹੈ ਵਧਦੀ ਹੀ ਰਹਿੰਦੀ ਹੈ। ਇਹ ਜੀਵਨ ਜਿਉਣਾਂਅਜ ਵਿ-ਗਆਨ ਅਤੇ ਤਕਨਾਲੋਜੀ ਦੇ ਵਕਤਾਂ ਵਿੱਚ ਹੋਰ ਮਹਿੰਗਾ ਹੋ ਗਿਆ ਹੈ ਅਤੇ ਇਸ ਕਰਕੇ ਜਿਹੜੇ ਗਰੀਬ ਰਹਿ ਜਾਂਦੇ ਹਨ ਉਹ ਐਸਾ ਵੀ ਮਹਿਸੂਸ ਕਰਦੇ ਹਨ ਕਿ ਉਹ ਅਗੇ ਨਾਲੋਂ ਵੀ ਜ਼ਿਆਦਾ ਗ਼ਰੀਬ ਹੋਈ ਜਾਂਦੇ ਹਨ।

ਸਾਡੇ ਮੁਲਕ ਦੀ ਆਜ਼ਾਦੀ ਅਤੇ ਇਸ ਪਰਜਾਤੰਤਰ ਬਾਅਦ ਕਈ ਐਸੇ ਆਦਮੀ ਵੀ ਪ੍ਰਧਾਨ ਮੰਤਰੀ ਰਹੇ ਹਨ ਜਿਹੜੇ ਗਰੀਬ ਸਨ ਅਤੇ ਅਸਾਂ ਇਹ ਵੀ ਦੇਖਿਆ ਹੈ ਕਿ ਉਹ ਵੀ ਗੁਰਬਤ ਦੂਰ ਕਰਨ ਲਈ ਕੁਝ ਨਹੀਂ ਕਰ ਸਕੇ ਹਨ। ਗੁਰਬਤ ਵਧਦੀ ਹੀ ਰਹੀ ਹੈ ਅਤੇ ਗ਼ਰੀਬਾਂ ਦੀ ਗਿਣਤੀ ਵੀ ਵਧਦੀ ਹੀ ਰਹੀ ਹੈ ਅਤੇ ਅੱਜ ਅਸੀਂ ਐਸੀ ਸ਼ਰਮਨਾਕ ਪ੍ਰਸਿਥਿਤੀ ਤਕ ਪੁਜ ਗਏ ਹਾਂ ਕਿ ਸਾਡੀ ਕੁਲ ਆਬਾਦੀ ਦਾ ਤਿੰਨ ਚੌਥਾਈ ਹਿਸਾ ਗ਼ਰੀਬ ਹੋ ਗਿਆ ਹੈ। ਅਤੇ ਆਜ਼ਾਦੀ ਅਤੇ ਪਰਜਾਤੰਤਰ ਦੀ ਪੌਣੀ ਸਦੀ ਵਿੱਚ ਇਹ ਹਾਲ ਬਣ ਗਿਆ ਹੈ ਅਤੇ ਅਜ ਅਸੀਂ ਇਹ ਵੀ ਨਹੀਂ ਆਖ ਸਕਦੇ ਕਿ ਇਹ ਆਜ਼ਾਦੀ ਅਤੇ ਇਹ ਵਾਲਾ ਪਰਜਾਤੰਤਰ ਸਾਡੇ ਮੁਲਕ ਵਿੱਚ ਕੋਈ ਵਡੀ ਤਬਦੀਲੀ ਲਿਆ ਸਕਣਗੇ।

ਹੁਣ ਰਾਜਸੀ ਲੋਕਾਂ ਦੀ ਸਮਝ ਵਿੱਚ ਆ ਗਿਆ ਹੈ ਕਿ ਇਹ ਗਰੀਬਾਂ ਨੂੰ ਜਿਹੜਾ ਵੋਟਬੈਂਕ ਸਮਝਿਆ ਜਾਂਦਾ ਰਿਹਾ ਹੈ ਇਹ ਰਾਜਸੀ ਲੋਕਾਂ ਨੂੰ ਵੋਟ ਨਹੀਂ ਪਾਉਣਗੇ ਅਤੇ ਇਸ ਕਰਕੇ ਸਾਡੇ ਮੁਲਕ ਵਿੱਚ ਇਹ ਆਵਾਜ਼ ਉਠੀ ਹੈ ਕਿ ਸਾਡਾ ਅਗਲਾ ਪ੍ਰਧਾਨ ਮੰਤਰੀ ਕੋਈ ਦਲਿਤ ਹੋਣਾ ਚਾਹੀਦਾ ਹੈ ਅਤੇ ਦਲਿਤ ਲੋਕੀਂ ਇਹ ਵੀ ਆਖਣਗੇ ਕਿ ਅਗਰ ਇਹ ਪੌਣੀ ਸਦੀ ਮੁਲਕ ਦਾ ਪ੍ਰਧਾਨ ਮੰਤਰੀ ਕੋਈ ਅਮੀਰ ਜਾਂ ਉਚੇਰੀਅ ਾਂ ਜਾਤੀਆਂ ਦਾ ਹੀ ਰਹਿੰਦਾ ਰਿਹਾ ਹੈ ਤਾਂ ਇਕ ਪੌਣੀ ਸਦੀ ਹੁਣ ਦਲਿਤਾਂ ਅਤੇ ਗ਼ਰੀਬਾਂ ਦੀ ਵਾਰੀ ਆ ਜਾਣੀ ਚਾਹੀਦੀ ਹੈ। ਵੈਸੇ ਅਗਰ ਤਿੰਨਚੌਥਾਂਈ ਗਿਣਤੀ ਮੁਲਕ ਵਿੱਚ ਗਰੀਬਾਂ ਅਰਥਾਤ ਦਲਿਤਾ ਦੀ ਹੈ ਤਾਂ ਫਿਰ ਘਟੋ ਘਟ ਇਕ ਪੂਰੀ ਸਦੀ ਮੁਲਕ ਦਾ ਪ੍ਰਧਾਨ ਮੰਤਰੀ ਦਲਿਤਾਂ ਵਿਚੋਂ ਹੋਣਾ ਚਾਹੀਦਾ ਹੈ।

ਮੈਡਮ ਸੋਨੀਆਂ ਜੀ ਨੇ ਇਸ ਬਾਰੇ ਸੋਚਿਆ ਹੈ ਜਾਂ ਇਹ ਉਸਦੀ ਮਜਬੂਰੀ ਹੈ ਕਿ ਉਹ ਇਸ ਪਾਸੇ ਪਹਿਲਕਦਮੀ ਕਰ ਰਹੀ ਹੈ। ਉਸਨੇ ਪੰਜਾਬ ਦਾ ਮੁਖ ਮੰਤਰੀ ਇਕ ਦਲਿਤ ਬਣਾ ਹੀ ਦਿਤਾ ਹੈ ਅਤੇ ਇਹ ਵੀ ਪਿਆ ਲਗਦਾ ਹੈ ਕਿ ਅਗਰ ਕਾਂਗਰਸ ਦੀ ਕਮਾਨ ਸੋਨੀਆਂ ਪਾਸ ਹੀ ਰਹਿੰਦੀ ਹੈ ਅਤੇ ਜੀ 23 ਚੁਪ ਰਹਿੰਦਾ ਹੈ ਤਾਂ ਉਹ ਅਗਲਾ ਪ੍ਰਧਾਨ ਮੰਤਰੀ ਵੀ ਦਲਿਤ ਹੀ ਐਲਾਨ ਕਰ ਸਕਦੀ ਹੈ। ਮੋਨੀਆਂ ਜੀ ਜਾਣਦੇ ਹਨ ਕਿ ਹਾਲਾਂ ਉਸਦੇ ਬੇਟੇ ਰਾਹੁਲ ਦੀ ਵਾਰੀ ਨਹੀਂ ਬਣਦੀ ਲਗਦੀ ਅਤੇ ਇਸ ਲਈ ਅਗਲਾ ਪ੍ਰਧਾਨ ਮੰਤਰੀ ਕੋਈ ਦਲਿਤ ਹੀ ਬਣੇਗਾ। ਅਤੇ ਅਗਰ ਐਸਾ ਕਾਗਰਸ ਕਰਦੀ ਹੈ ਤਾ ਸਾਡੇ ਮੁਲਕ ਦੀ ਰਾਜਨੀਤੀ ਵਿੱਚ ਤੂਫ਼ਾਨ ਜਿਹਾ ਆ ਜਾਵੇਗਾ। ਸਾਡੇ ਮੁਲਕ ਦੀ ਸਿਆਸਤ ਵਿੱਚ ਇਹ ਪ੍ਰਧਾਨ ਮੰਤਰੀ ਬਣਨ ਵਾਲੇ ਲੋਕਾਂ ਦੀ ਕਤਾਰ ਪਹਿਲਾ ਹੀ ਵਖਰੀ ਬਣੀ ਪਈ ਹੈ ਅਤੇ ਇਹੀ ਵਿਅਕਤੀਵਿਸ਼ੇਸ਼ ਆਪਣੇ ਸਪੋਰਟਰ ਖੜੇ ਕਰਕੇ ਇੰਨ੍ਹਾਂ ਵਿਚੋਂ ਕੋਈ ਨਾ ਕੋਈ ਪ੍ਰਧਾਨ ਮੰਤਰੀ ਬਣਜਾਂਦਾ ਹੈ ਅਤੇ ਪੰਜ ਸਾਲ ਆਪਣੀ ਤਾਨਾਸ਼ਾਹੀ ਚਲਾਕੇ ਚਲਦਾ ਬਣਦਾ ਹੈ ਅਤੇ ਇਸ ਵਕਤ ਵੀ ਜਿਹੜੇਵਿਅਕਤੀਵਿਸ਼ੇਸ਼ ਸੰਭਾਵੀਂ ਪ੍ਰਧਾਨ ਮੰਤਰੀਆਂ ਦੀ ਕਤਾਰ ਵਿੱਚ ਹਨ ਉਹ ਲਗ ਭਗ ਸਾਰੇ ਹੀ ਉਚੇਰੀਆਂ ਜਾਤੀਆਂ ਦੇ ਹਨ ਅਤੇ ਦਲਿਤਾਂ ਵਿੱਚ ਜਿਹੜੇ ਹਨ ਉਹ ਅਮੀਰ ਹਨ ਅਤੇ ਦਲਿਤ ਨਹੀਂ ਅਖਵਾ ਸਕਦੇ ਹਨ।

ਕੁਝਪਏ ਆਖੀਏ ਪਿਛਲੀ ਪੌਣੀ ਸਦੀ ਇਸ ਮੁਲਕ ਉਤੇ ਉਚੀਆਂ ਜਾਤੀਆਂ ਦੇ ਪ੍ਰਧਾਨ ਮੰਤਰੀਆਂ ਦਾ ਰਾਜ ਰਿਹਾ ਹੈ ਅਤੇ ਅਸਾਂ ਦੇਖ ਵੀ ਲਿਅਆ ਹੈ ਕਿ ਇਹ ਉਬਚੀਆਂ ਜਾਤੀਆਂ ਦੇ ਪ੍ਰਧਾਨ ਮੰਤਰੀ ਇਸ ਮੁਲਕ ਦੇ ਦਲਿਤਾਂ ਅਤੇ ਗ਼ਰੀਬਾਂ ਨੂੰ ਬਤੋਰ ਵੋਟਬੈਂਕ ਵਰਤਦੇ ਰਹੇ ਹਨ ਅਤੇ ਆਜ਼ਾਦੀ ਅਤੇ ਇਹ ਵਾਲੇ ਪਰਜਾਤੰਤਰ ਨੇ ਇਸ ਮੁਲਕ ਦੀ ਕੁਲ ਆਬਾਦੀ ਦਾ ਤੀਜਾ ਹਿੱਸਾ ਗ਼ਰੀਬ ਕਰਕੇ ਰਖ ਦਿੱਤਾ ਹੈ। ਇਹ ਉਚੇਰੀਆ ਜਾਤੀਆਂ ਦਾ ਰਾਜ ਹੁਣਖਤਮ ਹੋਣਾ ਚਾਹੀਦਾ ਹੈ ਅਤੇ ਅਗਲੀ ਪੌਣੀ ਸਦੀ ਰਾਜ ਦਲਿਤਾਂ ਅਤੇ ਗਰੀਬਾਂ ਹਥ ਆਉਣਾ ਚਾਹੀਦਾ ਹੈ। ਇਹ ਜਿਹੜੀ ਵੀ ਪੰਜਾਬ ਅੰਦਰ ਰਿਵ-'ਇਤ ਸ਼ੁਰੂ ਕਰ ਦਿਤੀ ਗਈ ਹੈ ਇਹ ਅਗਲੀ ਵਾਰੀਂ ਤੋਂ ਮੁਲਕ ਦੀ ਰਾਜਧਾਨੀ ਅਰਥਾਤ ਸਾਡੀ ਪਾਰਲੀਮੈਂਟ ਵਿੱਚ ਵੀ ਕਾਇਮ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਸ਼੍ਰੀਮਤੀ ਸੋਨੀਆਂ ਗਾਂਧੀ ਹੀ ਕਰ ਸਕਦੀ ਹੈ। ਇਹ ਵਾਲਾ ਤਜਰਬਾ ਵੀ ਕਰਨਾ ਚਾਹੀਦਾ ਹੈ ਅਤੇ ਇਹ ਗਰੀਬ ਅਤੇ ਦਲਿਤ ਜਿਹੜੇ ਅਜ ਤਕ ਹੋਰਾਂ ਦਾ ਵੋਟ ਬੈਂਕ ਬਣੇ ਰਹੇ ਹਨ, ਇਹ ਆਪ ਰਾਜ ਕਰਨ ਅਤੇ ਫਿਰ ਦੇਖਦੇ ਹਾਂ ਇਹ ਗੁਰਬਤ ਕਿਸੇ ਤਰ੍ਹਾਂ ਘਟਦੀ ਹੈ, ਖਤਮ ਹੁੰਦੀ ਹੈ ਜਾਂ ਇਸੇ ਤਰ੍ਹਾਂ ਵਧਦੀ ਹੀ ਰਵੇਗੀ। ਅਸੀਂ ਅਗਰ ਹੁਣ ਤਕ ਤਜਰਬੇ ਹੀ ਕਰਦੇ ਰਹੇ ਹਾਂ ਤਾਂ ਇਹ ਵਾਲਾ ਤਜਰਬਾ ਵੀ ਕਰ ਦੇਖਣਾ ਚਾਹੀਦਾ ਹੈ।

*ਦਲੀਪ ਸਿੰਘ*
*ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ,ਪੰਜਾਬ 147001*
*ਫੋਨ- 0175 5191856*

# ਪੰਜਾਬ ਨੂੰ ਨਸ਼ਿਆਂ ਦੇ ਹੜ੍ਹ ਵਿਚ ਰੁੜ੍ਹਦੇ ਜਾ ਰਹੇ ਨੂੰ ਬਚਾਉਣ ਲਈ ਕੀ ਚੰਨੀ ਦੀ ਸਰਕਾਰ ਅੱਗੇ ਪੁੱਟੇਗੀ ਕਦਮ ?

ਸੱਚ ਕਰਕੇ ਜਾਣਿਉ ਪੰਜਾਬ ਨੂੰ ਅੱਜ ਬਹੁਤੇ ਵਿਕਾਸ ਦੀ ਜਰੂਰਤ ਨਹੀਂ ਵਿਨਾਸ਼ ਤੋਂ ਬਚਾਉਣ ਦੀ ਜਰੂਰਤ ਹੈ। ਅਗਰ ਚੰਨੀ ਦੀ ਸਰਕਾਰ ਨਸ਼ਿਆਂ ਨੂੰ ਨੱਥ ਪਾ ਦੇਵੇ ਤਾਂ ਸਮਝੋ ਇਹ ਇਕ ਕਾਮਯਾਬ ਮੁੱਖ ਮੰਤਰੀ ਸਾਬਤ ਹੋ ਸਕਦਾ ਹੈ। 100 ਦਿਨ ਦਾ ਕੋਈ ਘੱਟ ਸਮਾਂ ਨਹੀਂ। ਇੱਕ ਫਿਲਮ ਵਿੱਚ ਅਨਿਲ ਕਪੂਰ ਇਕ ਦਿਨ ਦਾ ਮੁੱਖ ਮੰਤਰੀ ਬਣਦਾ ਹੈ ਬਹੁਤ ਸਾਰੇ ਫੈਸਲੇ ਕਰਕੇ ਵਿਖਾਉਂਦਾ ਹੈ। ਬੇਸ਼ਕ ਫਿਲਮ ਇਕ ਚਲ ਚਿੱਤਰ ਮੰਨਿਆ ਜਾਂਦਾ ਹੈ, ਪਰ ਫ਼ਿਲਮਾਂ ਵਾਲੇ ਕਦੇ ਕਦੇ ਹਕੀਕਤ ਦੇ ਬਹੁਤ ਨਜ਼ਦੀਕੀ ਦ੍ਰਿਸ ਪੇਸ਼ ਕਰਦੇ ਹਨ। ਨਸ਼ਿਆਂ ਦੇ ਹੜ੍ਹ ਵਿੱਚ ਰੁੜ੍ਹ ਰਹੇ ਪੰਜਾਬ ਨੂੰ ਬਚਾਉਣਾ ਅਤੀ ਜਰੂਰੀ ਹੈ। ਵਾਅਦੇ ਕਰਨੇ ਬਹੁਤ ਸੌਖੇ ਹਨ ਪਰ ਨਿਭਾਉਣੇ ਬਹੁਤ ਔਖੇ ਹੁੰਦੇ ਨੇ। ਨਸ਼ੇ ਨੂੰ ਨੱਥ ਪਾਉਣਾ ਸਮਝੋ ਸੱਪ ਦੇ ਮੂੰਹ ਵਿਚ ਹੱਥ ਪਾਉਣ ਵਾਲੀ ਗੱਲ ਹੈ, ਕਿਉਂਕਿ ਪੰਜਾਬ ਦੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ, ਇਹ ਵਿਸ਼ਵਵਿਆਪੀ ਨਸ਼ਾ ਤਸਕਰੀ ਨੈੱਟਵਰਕ ਦਾ ਬਹੁਤ ਵੱਡਾ ਕੇਂਦਰੀ ਗੰਢ ਸੰਡ ਹੈ। ਜੋ ਅਫਗਾਨਿਸਤਾਨ ਤੋਂ ਲੈ ਕੇ ਦੱਖਣ-ਪੂਰਬੀ ਏਸ਼ੀਆ ਅਤੇ ਉਤਰੀ ਅਮਰੀਕਾ ਤੇ ਪੱਛਮੀ ਅਫਰੀਕਾ ਤੱਕ ਫੈਲਿਆ ਹੋਇਆ ਹੈ। ਹਾਲਾਂਕਿ ਭਾਰਤ ਖੁਦ ਅਫੀਮ ਦਾ ਵੱਡਾ ਹਿੱਸਾ ਪੈਦਾ ਕਰਦਾ ਹੈ ਪਰ ਸੰਸਾਰ ਦੀ ਅਫੀਮ ਦਾ ਵੱਡਾ ਹਿੱਸਾ ਅਫਗਾਨਿਸਤਾਨ ਤੋਂ ਆਉਂਦਾ ਹੈ। ਅਫੀਮ ਤੋਂ ਤਿਆਰ ਕੀਤੀ ਹੈਰੋਇਨ ਵੀ ਇਥੋਂ ਹੀ ਆ ਰਹੀ ਹੈ। ਕਈ ਜ਼ਮੀਨੀ ਅਤੇ ਹਵਾਈ ਮਾਰਗਾਂ 'ਤੇ ਜ਼ਬਤ ਹੋਈਆਂ ਖੇਪਾਂ ਜੋ ਇਹ ਇਸ਼ਾਰਾ ਕਰਦੀਆਂ ਹਨ ਕਿ ਇਨ੍ਹਾਂ ਦੀ ਦੂਰ-ਦੂਰ ਤੱਕ ਪਹੁੰਚ ਹੈ। ਯੂਨਾਈਟਿਡ ਨੇਸ਼ਨਜ਼ ਆਫਿਸ ਆਫ ਡਰੱਗਜ਼ ਐਂਡ ਕ੍ਰਾਈਮ ਅਨੁਸਾਰ, ਕੈਨੇਡਾ ਨੇ ਨੋਟ ਕੀਤਾ ਹੈ ਕਿ ਇਸ ਦੀਆਂ ਮੰਡੀਆਂ ਵਿਚ ਹੈਰੋਇਨ ਭਾਰਤ ਤੇ ਪਾਕਿਸਤਾਨ ਤੋਂ ਆਉਂਦੀ ਹੈ। 2011 ਵਿਚ ਭਾਰਤੀ ਅਫਸਰਾਂ ਦੁਆਰਾ ਜ਼ਬਤ ਕੀਤੇ ਸਭ ਤੋਂ ਵੱਧ ਪਾਰਸਲ ਕੈਨੇਡਾ ਲਈ ਭੇਜੇ ਗਏ ਸਨ।ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੌਪਿਕ ਪਦਾਰਥ ਐਕਟ-1985 ਭਾਰਤ ਵਿਚ ਨਸ਼ਿਆਂ ਦੀ ਵਰਤੋਂ ਨਿਯਮਤ ਕਰਨ ਵਾਲਾ ਮੁੱਖ ਕਾਨੂੰਨ ਹੈ। ਐਨ.ਡੀ.ਪੀ.ਐਸ. ਐਕਟ ਅਧੀਨ ਪਦਾਰਥਾਂ ਦੀ ਇਕ ਸ਼੍ਰੇਣੀ ਤੈਅ ਕੀਤੀ ਗਈ ਹੈ ਅਤੇ ਇਨ੍ਹਾਂ ਨੂੰ ਸਖਤ ਕੰਟਰੋਲ ਹੇਠ ਲਿਆਂਦਾ ਗਿਆ ਹੈ ਜਿਸ ਨਾਲ ਇਨ੍ਹਾਂ ਪਦਾਰਥਾਂ ਦੀ ਖਪਤ ਜਾਂ ਤਸਕਰੀ ਫੌਜਦਾਰੀ ਜੁਰਮ ਮੰਨੀ ਗਈ ਹੈ। ਹਾਲਾਂਕਿ ਐਸੇ ਪਦਾਰਥਾਂ ਦੀ ਵਰਤੋਂ ਦੀਆਂ ਬਿਮਾਰੀਆਂ ਸਮੇਤ ਕਈ ਸਿਹਤ ਸਮੱਸਿਆਵਾਂ ਦੇ ਇਲਾਜ ਲਈ ਬਹੁਤ ਸਾਰੀਆਂ ਨਿਯੰਤਰਿਤ ਫਾਰਮਾਸਿਊਟੀਕਲ ਦਵਾਈਆਂ ਜ਼ਰੂਰੀ ਹਨ। ਨਸ਼ੀਲੇ ਪਦਾਰਥਾਂ ਦੇ ਪੂਰਵ-ਰਸਾਇਣ ਜੋ ਵੱਖ-ਵੱਖ ਦਵਾਈਆਂ ਅਤੇ ਹੋਰ ਉਤਪਾਦਾਂ ਲਈ ਵਰਤੇ ਜਾਂਦੇ ਹਨ ਪਰ ਇਹ ਨਾਜਾਇਜ਼ ਦਵਾਈਆਂ ਲਈ ਵੀ ਵਰਤੇ ਜਾਂਦੇ ਹਨ। ਇਨ੍ਹਾਂ ਦੀ ਕਈ ਪ੍ਰਕਾਰ ਦੀ ਜਾਇਜ਼ ਵਰਤੋਂ ਹੁੰਦੀ ਹੈ ਜੋ ਅਗਾਂਹ ਕਾਨੂੰਨ ਲਾਗੂ ਕਰਨ ਵਿਚ ਚੁਣੌਤੀਆਂ ਪੈਦਾ ਕਰਦੀ ਹੈ।ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਇਸ ਦੇ ਪ੍ਰਭਾਵਾਂ ਦਾ ਭਾਰਤ ਵਿਚ ਚੰਗੀ ਤਰ੍ਹਾਂ ਦਸਤਾਵੇਜ਼ੀਕਰਨ ਨਹੀਂ ਕੀਤਾ ਜਾਂਦਾ ਅਤੇ ਅਧਿਕਾਰਤ ਅੰਕੜੇ ਸਾਹ-ਮਣੇ ਆਉਣੇ ਮੁਸ਼ਕਿਲ ਹਨ। ਨਸ਼ਿਆਂ ਦੀ ਵਰਤੋਂ ਬਾਰੇ ਨੀਤੀਆਂ ਦਾ ਆਧਾਰ ਤਿਆਰ ਕਰਨ ਲਈ 2004 ਵਿਚ ਸਰਵੇਖਣ ਕੀਤਾ ਗਿਆ ਸੀ ਪਰ ਇਸ



ਸੂਬੇਦਾਰ
ਜਸਵਿੰਦਰ ਸਿੰਘ
ਭੁਲੇਰੀਆ ਮਮਦੋਟ
(7589155501)

ਦੀਆਂ ਵੱਖ-ਵੱਖ ਸੀਮਾਵਾਂ ਸਨ, ਇਸ ਵਿਚ ਇਕੱਲੇ ਮਰਦ ਖਪਤਕਾਰਾਂ 'ਤੇ ਧਿਆਨ ਕੇਂਦਰਤ ਕਰਨਾ ਅਤੇ ਜਾਣਕਾਰੀ ਨੂੰ ਸੂਬਿਆਂ ਅਨੁਸਾਰ ਵੱਖ-ਵੱਖ ਕਰਨ ਦੀ ਅਣਹੋਂਦ ਸ਼ਾਮਲ ਹੈ। 2016 ਵਿਚ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਨੇ ਇਨ੍ਹਾਂ ਵਿਚੋਂ ਕੁਝ ਘਾਟਾਂ ਦੂਰ ਲਈ ਨਸ਼ੇ ਦੇ ਤੱਤ ਵਾਲੇ ਪਦਾਰਥਾਂ ਦੀ ਵਰਤੋਂ ਦੀ ਹੱਦ ਅਤੇ ਪੈਟਰਨ ਬਾਰੇ ਕੌਮੀ ਸਰਵੇਖਣ ਕਰਵਾਇਆ। 2019 ਵਿਚ ਪ੍ਰਕਾਸ਼ਿਤ ਹੋਏ ਇਸ ਸਰਵੇਖਣ ਅਨੁਸਾਰ, ਉਤਰ ਪ੍ਰਦੇਸ਼ ਅਤੇ ਪੰਜਾਬ ਇਨ੍ਹਾਂ ਪਦਾਰਥਾਂ ਦੀ ਦੁਰਵਰਤੋਂ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਹਨ। ਸ਼ਰਾਬ ਤੋਂ ਬਾਅਦ ਅਫੀਮ ਅਤੇ ਭੰਗ, ਦੋ ਸਭ ਤੋਂ ਜ਼ਿਆਦਾ ਵਰਤੇ ਜਾਣ ਵਾਲੇ ਪਦਾਰਥ ਸਨ ।ਪਰ ਹੁਣ ਹੈਰੋਇਨ ਤੇ ਕੋਕੀਨ ਵੀ ਦੀ ਵਰਤੋਂ ਉਹਨਾਂ ਤੋਂ ਵੀ ਜਿਆਦਾ ਕੀਤੀ ਜਾ ਰਹੀ ਹੈ। ਪੰਜਾਬ ਵਿਚ ਨਸ਼ਿਆਂ ਦੇ ਖਾਤਮੇ ਨਾਲ ਨਜਿੱਠਣਾ ਹਮੇਸ਼ਾ ਚੁਣੌਤੀਪੂਰਨ ਕਾਰਜ ਰਿਹਾ ਹੈ। ਇਹ ਸਮੱਸਿਆ ਇਕ ਮਸ਼ਹੂਰ ਬਾਲੀਵੁੱਡ ਫਿਲਮ ਦਾ ਵਿਸ਼ਾ ਰਹੀ ਹੈ ਅਤੇ ਇਸ ਨੇ ਸੂਬੇ ਦੀਆਂ ਕਈ ਚੋਣ-ਲੜਾਈਆਂ ਵਿਚ ਕੇਂਦਰੀ ਭੂਮਿਕਾ ਨਿਭਾਈ ਹੈ। ਐਸ.ਟੀ.ਐਫ. ਨੇ ਸਿਰਫ 2018 ਵਿਚ ਪੰਜਾਬ ਵਿਚ ਨਸ਼ੇ ਦੀ ਓਵਰਡੋਜ਼ ਕਾਰਨ 111 ਮੌਤਾਂ ਦਰਜ ਕੀਤੀਆਂ ਪਰ ਅਸਲ ਗਿਣਤੀ ਬਹੁਤ ਜ਼ਿਆਦਾ ਹੋਣ ਦੀ ਸੰਭਾਵਨਾ ਹੈ। ਅਨੁਰਾਗ ਅਗਰਵਾਲ ਜੋ ਉਸ ਸਮੇਂ ਪੰਜਾਬ ਦੇ ਮੁੱਖ ਸਕੱਤਰ (ਸਿਹਤ) ਸਨ, ਨੇ ਦੱਸਿਆ, "ਅਜਿਹੀਆਂ ਮੌਤਾਂ ਦੀ ਅਸਲ ਸੰਖਿਆ ਬਹੁਤ ਜ਼ਿਆਦਾ ਹੈ, ਤੇ ਇਨ੍ਹਾਂ ਦਾ ਕਦੇ ਵੀ ਪਤਾ ਨਹੀਂ ਲਗਾਇਆ ਜਾ ਸਕਦਾ, ਕਿਉਂਕਿ ਨਸ਼ੇ ਦੀ ਆਦਤ ਸਮਾਜਿਕ ਕਲੰਕ ਮੰਨੇ ਜਾਣ ਕਾਰਨ ਸੋਗ 'ਚ ਡੁੱਬੇ ਪਰਿਵਾਰ ਖੁਲਾਸਾ ਨਹੀਂ ਕਰਦੇ।" ਨਾੜਾਂ 'ਚ ਨਸ਼ੀਲੇ ਟੀਕੇ ਲਾਉਣ ਵਾਲੇ ਨਸ਼ੇੜੀ ਐਚ.ਆਈ.ਵੀ. ਅਤੇ ਹੈਪੇਟਾਈਟਸ ਸੀ ਵਰਗੀਆਂ ਬਿਮਾਰੀਆਂ ਸਹੇੜਨ ਲਈ ਵੀ ਅਤਿ-ਸੰਵੇਦਨਸ਼ੀਲ ਹੁੰਦੇ ਹਨ।ਸੂਬਾ ਸਰਕਾਰ ਨੇ ਮਰੀਜ਼ਾਂ ਲਈ 199 'ਓਟ' ਕਲੀਨਿਕ, 35 ਸਰਕਾਰੀ ਨਸ਼ਾ ਛੁਡਾਊ ਕੇਂਦਰ ਅਤੇ ਸੈਂਕੜੇ ਲਾਇਸੈਂਸਸ਼ੁਦਾ ਪ੍ਰਾਈਵੇਟ ਨਸ਼ਾ ਛਡਾਊ ਸਹੂਲਤ ਕੇਂਦਰ ਸ਼ੁਰੂ ਕੀਤੇ। ਪੰਜਾਬ ਦੇ ਸਭ ਤੋਂ ਵੱਧ ਆਬਾਦੀ ਵਾਲੇ ਜ਼ਿਲ੍ਹੇ ਲੁਧਿਆਣਾ ਵਿਚ ਸਭ ਤੋਂ ਵੱਧ ਨਸ਼ਾ ਕਰਨ ਵਾਲੇ ਰਜਿਸਟਰਡ ਮਰੀਜ਼ ਹਨ। ਇਸ ਤੋਂ ਬਾਅਦ ਮੋਗਾ ਅਤੇ ਤਰਨ ਤਾਰਨ ਆਉਂਦੇ ਹਨ। ਇਕੱਲੇ ਲੁਧਿਆਣਾ ਵਿਚ ਹੀ 23 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ, ਤਿੰਨ ਸਰਕਾਰੀ ਨਸ਼ਾ ਛੁਡਾਊ ਕੇਂਦਰ, 17 ਸਰਕਾਰੀ 'ਓਟ' ਕਲੀਨਿਕ ਅਤੇ ਤਿੰਨ 'ਓਟ' ਵਰਗੇ ਇਲਾਜ ਕੇਂਦਰ ਹਨ। ਤਰਨ ਤਾਰਨ ਦੇ ਜ਼ਿਲ੍ਹਾ ਸਿਵਲ ਹਸਪਤਾਲ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਹਸਪਤਾਲ ਵਿਚ ਬੁਪਰੇਨੋਰਫਾਈਨ ਲੈਣ ਆਉਂਦੇ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ। ਇਹ ਨਸ਼ੀਲਾ ਪਦਾਰਥ ਨਸ਼ੇ ਦੀ ਆਦਤ ਸਮੇਤ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।ਹੁਣ ਵੇਖਣਾ ਹੋਵੇਗਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਤਲਵੰਡੀ ਸਾਬੋ ਵਿੱਚ ਬਹੁਤ ਵੱਡੀ ਰੈਲੀ ਕਰਕੇ ਨਸ਼ਾ ਚਾਰ ਹਫਤਿਆਂ ਵਿੱਚ ਖਤਮ ਕਰਨ ਦੀ ਗੱਲ ਕੀਤੀ ਸੀ। ਉਹ ਤਾਂ ਪਟਾਕਾ ਠੁੱਸ ਹੋ ਗਿਆ ਹੈ। ਚਾਰ ਹਫਤੇ ਤਾਂ ਕੀ ਸਾਢੇ ਚਾਰ ਸਾਲਾਂ ਵਿੱਚ ਵੀ ਨਹੀਂ ਕਰ ਸਕਿਆ। ਉਹ ਤਾਂ ਚਲਦੇ ਬਣੇ। ਹੁਣ ਵਾਂਗਡੋਰ ਚਰਨਜੀਤ ਸਿੰਘ ਚੰਨੀ ਜੀ ਦੇ ਹੱਥ ਵਿੱਚ ਆ ਗਈ ਹੈ। "18 ਸੂਤਰੀ ਏਜੰਡੇ ਤਹਿਤ ਨਸ਼ਿਆਂ ਦੇ ਵਪਾਰ ਪਿੱਛੇ ਕੰਮ ਕਰਦੇ ਦੋਸ਼ੀਆਂ ਨੂੰ ਸਜ਼ਾ ਦੇਣਾ ਕਾਂਗਰਸ ਦੀ ਤਰਜੀਹ ਹੈ। ਕੀ ਸੱਚੀ ਮੁੱਚੀ ਚੰਨੀ ਦੀ ਸਰਕਾਰ ਪੰਜਾਬ ਦੇ ਨਸ਼ੇੜੀਆਂ ਨੂੰ ਨਸ਼ੇ ਦੀ ਦਲਦਲ ਵਿੱਚੋ ਫਸਿਆ ਨੂੰ ਕਢਣ ਵਿੱਚ ਕਾਮਯਾਬ ਹੋਵੇਗੀ ਜਾਂ ਫਿਰ ਟਾਈਮ ਪਾਸ ਕਰਕੇ ਚਲਦੀ ਬਣੇਗੀ।

# ਕੇਂਦਰ ਅਤੇ ਸੂਬਿਆਂ ਵਿੱਚ ਗਣਿਤ ਯੂਨੀਵਰਸਿਟੀ ਦੀ ਸਥਾਪਨਾ ਦੀ ਲੋੜ

ਭਾਰਤ ਵਿੱਚ ਸਦਾ ਤੇ ਬੁੱਧੀਜੀਵੀ ਜਨਮ ਲੈਂਦੇ ਆ ਰਹੇ ਹਨ। ਰਾਮਾਨੁ-ਜਨ ਅਤੇ ਆਰੀਆ ਭੱਟ ਵਰਗੇ ਮਹਾਨ ਗਣਿਤ ਵਿਗਿਆਨੀ ਹੋਏ ਹਨ। ਉਨ੍ਹਾਂਨੇ ਗਣਿਤ ਦੀ ਖੋਜ਼ ਕਰਕੇ ਭਾਰਤ ਨੂੰ ਅਲੱਗ ਪਹਿਚਾਣ ਦਿੱਤੀ ਹੈ। ਸਮੇਂ ਨਾਲ ਇਸ ਵਿਸ਼ੇ ਦਾ ਬਹੁਤ ਵਿਕਾਸ ਹੋਇਆ ਹੈ। ਪਰ ਅਜੇ ਵੀ ਬਹੁਤ ਸਾਰੇ ਵਿਦਿਆਰਥੀ ਇਸ ਵਿਸ਼ੇ ਵਿੱਚ ਦਿਲਚਸਪੀ ਨਹੀਂ ਲੈਂਦੇ ਹਨ। ਉਹ ਇਸ ਵਿਸ਼ੇ ਨੂੰ ਅੱਖਾ, ਗੁੰਝਲਦਾਰ ਤੇ ਬਰਿੰਗ ਦੱਸਦੇ ਹਨ। ਜਿਸ ਦਾ ਪ੍ਰਮੁੱਖ ਕਾਰਨ ਵਿਦਿਆਰਥੀ, ਮਾਪੇ ਤੇ ਵਿਦਿਆਰਥੀਆਂ ਦੇ ਸੰਪਰਕ ਵਿੱਚ ਆਉਣ ਵਾਲੇ ਹਰ ਇਨਸਾਨ ਦੀ ਗਣਿਤ ਵਿਸ਼ੇ ਵਿੱਚ ਅਗਿਆਨਤਾਹੈ।ਨਾ ਸਿਰਫ ਵਿਦਿਆਰਥੀ ਬਲਕਿ ਅਧਿਆਪਕ ਵੀ ਇਸ ਵਿਸ਼ੇ ਨੂੰ ਵਿਦਿਆਰਥੀਆਂ ਸਾਹ-ਮਣੇ ਅੱਖ ਰੂਪ ਨਾਲ ਪੇਸ਼ ਕਰ ਪਾਉਂਦੇ ਹਨ। ਵਿੱਦਿਆਰਥੀਆਂ ਨੂੰ ਗਣਿਤ ਵਿਸ਼ੇ ਵੱਲ ਪ੍ਰੇਰਿਤ ਕਰਨ ਲਈ ਉਨ੍ਹਾਂ ਨੂੰ ਗਣਿਤ ਵਿਸ਼ੇ, ਇਸ ਦੇ ਤੱਤਾਂ, ਗਣਿਤ ਕੋਰਸਾਂ, ਗਣਿਤ ਖੇਤਰ ਵਿੱਚ ਨੌਕਰੀਆਂ ਅਤੇ ਰੁਜ਼ਗਾਰ ਦੇ ਮੌਕਿਆਂ ਬਾਰੇ ਗਿਆਨ ਦੇਣਾ ਅਤਿ ਜ਼ਰੂਰੀ ਹੋ ਚੁੱਕਾ ਹੈ। ਇਸ ਲਈ ਗਣਿਤ ਵਿਸ਼ੇ ਦੀ ਮਹੱਤਤਾ ਨੂੰ ਸਮਝਦੇ ਹੋਏ ਅਤੇ ਵਿਦਿਆਰਥੀਆਂ ਤੱਕ ਇਸ ਦੀ ਮਹੱਤਤਾ ਦਾ ਗਿਆਨ ਪਹੁੰਚਾਉਣ ਲਈ ਗਣਿਤ ਹਫ਼ਤੇ, ਗਣਿਤ ਮਹੀਨੇ, ਗਣਿਤ ਸਾਲ ਮਨਾਉਣ ਦੀ ਲੋੜ ਹੈ ।ਇਸ ਵਿਸ਼ੇ ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਇਸ ਵਿਸ਼ੇ ਨਾਲ ਗਿਆਨ ਭਰਪੂਰ ਲੋਕ ਹੋਣ , ਜਗਾ ਹੋਵੇ, ਸੰਸਥਾ ਹੋਵੇ।ਜਿਨਾਂ ਦਾ ਧਿਆਨ ਸਿਰਫ਼ ਇਸ ਵਿਸ਼ੇ ਵਿੱਚ ਹੋਵੇ। ਗਣਿਤ ਵਿਸ਼ੇ ਨਾਲ ਸੰਬੰਧਿਤ ਬੁੱਧੀਜੀਵੀ, ਮਾਹਿਰਾਂ, ਸੰਬੰਧਿਤ ਗਣਿਤ ਸਮੱਗਰੀ, ਗਣਿਤ ਸਾਹਿਤ ਆਦਿ ਗਣਿਤ ਤੱਤਾਂ ਦੀ ਉਪਲੱਬਧਤਾ ਇੱਕੋ ਜਗਾ ਕਰਵਾਉਣ ਲਈ ਗਣਿਤ ਯੂਨੀਵਰਸਿਟੀ ਦਾ ਨਿਰਮਾਣ ਅਲੱਗ ਤੋਂ ਹੋਵੇ। ਜਿਥੇ ਗਣਿਤ ਨੂੰ ਸੌਖਾ, ਦਿਲਚਸਪ ਬਣਾਉਣ ਦੇ ਤਰੀਕੇ ਖੋਜੇ ਜਾ ਸਕਦੇ ਹਨ। ਗਣਿਤ ਨਾਲ ਸੰਬੰਧਿਤ ਖੋਜਾਂ ਦੀ ਵੱਡੇ ਪੱਧਰ ਤੇ ਲੋੜ ਹੈ। ਇਹ ਕੰਮ ਸਿਰਫ ਅਤੇ ਸਿਰਫ ਗਣਿਤ ਯੂਨੀਵਰਸਿਟੀ ਵਿੱਚ ਹੀ ਸੰਭਵ ਹੈ। ਸਮੇਂ ਨੂੰ ਬਦਲਣ ਲਈ ਕੁਝ ਨਵਾਂ ਕਰਨ ਦੀ ਲੋੜ ਹੈ। ਗਣਿਤ ਦੀ ਮੰਗ ਅੱਜ ਬਹੁਤ ਜ਼ਿਆਦਾ ਹੈ। ਇਸ ਦੇ ਬਿਨਾਂ ਹਰ ਜ਼ਿੰਦਗੀ, ਹਰ ਰਾਜ ਤੇ ਹਰ ਦੇਸ਼ ਅਧੂਰਾ ਹੈ। ਕੁੱਝ ਇਸ ਤਰ੍ਹਾਂ ਦੀਆਂ ਕਿਤਾਬਾਂ ਤੇ ਮਾਹਿਰ ਹੋਣੇ ਚਾਹੀਦੇ ਹਨ, ਜੋ ਇਸ ਵਿਸ਼ੇ ਨੂੰ ਸੁਖਾਲਾ ਬਣਾਉਣ। ਬੱਚਿਆਂ ਨੂੰ ਇਸ ਬਾਰੇ ਪਤਾ ਨਹੀਂ ਹੁੰਦਾ ਕਿ ਪੜਨ ਦਾ ਅਸਲੀ ਮਕਸਦ ਕਿ ਹੈ। ਜਿਵੇਂ ਅਲਜਬਰਾ, ਤਿਕੋਣਮਿਤੀ ਆਦਿ। ਇਹ ਯੂਨੀਵਰਸਿਟੀ ਸਮੇਂ-ਸਮੇਂ ਤੇ ਉਨ੍ਹਾਂ ਮਾਹਿਰਾਂ ਨੂੰ ਸਕੂਲਾਂ ਤੇ ਕਾਲਜਾਂ ਵਿੱਚ ਭੇਜ ਕੇ ਅਧਿਆਪਕਾਂ ਤੇ ਵਿੱਦਿਆਰਥੀਆਂ ਨੂੰ ਸਮੇਂ-ਸਮੇਂ ਤੇ ਗਾਈਡ ਵੀ ਕਰ ਸਕਦੀ ਹੈ। ਪਰ ਜਦੋਂ ਉਹ ਉਸ ਦੀ ਅਸਲੀਅਤ ਜਾਣਦੇ ਹਨ ਤਾਂ ਬੁਰੀ ਤਰ੍ਹਾਂ ਪਸੀਨੇ ਨਾਲ ਭਿੱਜ ਜਾਂਦੇ ਹਨ। ਤਦ ਉਨ੍ਹਾਂ ਦਾ ਕਹਿਣਾ ਹੁੰਦਾ ਹੈ ਕਿ 10ਵੀਂ ਜਮਾਤ ਵਿੱਚ ਕਿੰਨਾ ਸੌਖਾ, ਸਰਲ ਤੇ ਮਾਤ-ਭਾਸ਼ਾ ਵਿੱਚ ਸੀ। ਪਰ ਜਿਵੇਂ ਹੀ ਗਿਆਰਵੀਂ ਵਿੱਚ ਹੋਏ, ਵਿਸ਼ਾ ਸਲੇਬਸ, ਨਵੇਂ ਖੇਤਰ ਤੇ ਵਿਦੇਸ਼ੀ ਭਾਸ਼ਾ ਵਿੱਚ ਵਿਦਿਆਰਥੀ ਅਕਸਰ ਮੱਥਾ ਫੜ ਕੇ ਬੈਠ ਜਾਂਦੇ ਹਨ ਤੇ ਬੁਰੀ ਤਰਾਂ ਨਾਲ ਹਾਰ ਜਾਂਦੇ ਹਨ। ਕੁੱਝ ਕੁ ਪ੍ਰਤੀਸ਼ਤ ਹੀ ਅੱਗੇ ਨਿਕਲ ਪਾਉਂਦੇ ਹਨ। ਇਸ ਤਰਾਂ ਦੇ ਖੇਤਰ ਨੂੰ ਅਣਗਲਿਆ ਨਹੀਂ ਕਰਨਾ ਚਾਹੀਦਾ। ਸਗੋਂ ਬੁੱਧੀਜੀਵੀਆਂ ਦੀ ਦਿੱਤੀ ਇਸ ਸ਼ਾਨ ਨੂੰ ਕਾਇਮ ਰੱਖਣ ਲਈ ਹਰ ਤਰਾਂ ਦੀ ਸੰਭਵ ਕੋਸ਼ਿਸ਼ਿ ਹੋਣੀ ਚਾਹੀਦੀ ਹੈ। ਸਮਾਂ ਹਮੇਸ਼ਾਂ ਬਦਲਾਅ ਚਾਹੁੰਦਾ ਹੈ। ਇਸ ਬਦਲਾਅ ਵਿੱਚ ਸਰਕਾਰਾਂ ਦਾ ਭਰਪੂਰ ਯੋਗਦਾਨ ਹੁੰਦਾ ਹੈ। ਜਿਵੇਂ ਕਿ ਮੈਡੀਕਲ ਯੂਨੀਵਰਸਿਟੀ, ਟੈਕਨੀਕਲ ਯੂਨੀਵਰਸਿਟੀ, ਵੈਟਨਰੀ ਯੂਨੀਵਰਸਿਟੀ, ਖੇਤੀਬਾੜੀ ਯੂਨੀਵਰਸਿਟੀ, ਆਯੁਰਵੈਦਿਕ ਯੂਨੀਵਰਸਿਟੀ, ਹੋਮਿਓਪੈਥਿਕ ਯੂਨੀਵਰਸਿਟੀ ਦੀ ਸਥਾਪਨਾ ਹੋ ਚੁੱਕੀ ਹੈ। ਇਸ ਤਰ੍ਹਾਂ ਗਣਿਤ ਯੂਨੀਵਰਸਿਟੀ ਦੀ ਵੀ ਸਥਾਪਨਾ ਹੋਣੀ ਚਾਹੀਦੀ ਹੈ। ਸਰਕਾਰ ਨੂੰ ਇਸ ਵੱਲ ਪੂਰਣ ਤੌਰ 'ਤੇ ਗੌਰ ਕਰਨਾ ਚਾਹੀਦਾ ਹੈ। ਗਣਿਤ ਯੂਨੀਵਰਸਿਟੀ ਲਈ ਕੇਂਦਰ ਸਰਕਾਰ ਨੂੰ ਪਹਿਲ ਕਰਨੀ ਚਾਹੀਦੀ ਹੈ। ਅਗਰ ਸੂਬਾ ਸਰਕਾਰ ਇਸ ਗੱਲ ਦਾਉਂਦਮ ਚੁੱਕੇ ਅਤੇ ਕੇਂਦਰ ਦੀ ਸਹਾਇਤਾ ਨਾਲ ਸੂਬਾ ਵਿੱਚ ਗਣਿਤ ਦੀ ਪਹਿਲੀ ਯੂਨੀਵਰਸਿਟੀ ਬਣਾਈ ਜਾ ਸਕਦੀ ਹੈ।

*-ਵਿਜੈ ਗਰਗ*
*ਸੇਵਾ ਮੁਕਤ ਪ੍ਰਿੰਸਪਲ*
*ਮਲੋਟ।*

# ਨਾਈਜੀਰੀਆ ਵਿਚ ਦਹਾਕੇ ਦੇ ਸਭ ਤੋਂ ਭਿਆਨਕ ਹੜ੍ਹ ਨੇ ਮਚਾਈ ਤਬਾਹੀ, ਹੁਣ ਤੱਕ 600 ਤੋਂ ਵੱਧ ਮੌਤਾਂ






ਲਾਗੋਸ, 18 ਅਕਤੂਬਰ (ਪੋਸਟ ਬਿਊਰੋ)- ਐਤਵਾਰ ਨੂੰ ਜਾਰੀ ਕੀਤੇ ਗਏ ਇੱਕ ਨਵੇਂ ਅੰਕੜੇ ਅਨੁਸਾਰ ਨਾਈਜੀਰੀਆ ਵਿਚ ਇਕ ਦਹਾਕੇ ਵਿੱਚ ਸਭ ਤੋਂ ਭਿਆਨਕ ਹੜ੍ਹਾਂ ਵਿਚ 600 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਨਾਈਜੀਰੀਆ ਦੇ ਮਾਨਵਤਾਵਾਦੀ ਮਾਮਲਿਆਂ ਦੇ ਮੰਤਰਾਲੇ ਦੁਆਰਾ ਟਵਿੱਟਰ 'ਤੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਤਬਾਹੀ ਨੇ 1.3 ਮਿਲੀਅਨ ਤੋਂ ਵੱਧ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਕੀਤਾ ਹੈ।

ਮਾਨਵਤਾਵਾਦੀ ਮਾਮਲਿਆਂ ਦੀ ਮੰਤਰੀ ਸਾਦੀਆ ਉਮਰ ਫਾਰੂਕ ਨੇ ਕਿਹਾ, "ਬਦਕਿਸਮਤੀ ਨਾਲ, 16 ਅਕਤੂਬਰ, 2022 ਤੱਕ, 603 ਤੋਂ ਵੱਧ ਲੋਕ ਆਪਣੀ ਜਾਨ ਗੁਆ ਚੁੱਕੇ ਹਨ।" ਮੰਤਰੀ ਨੇ ਕਿਹਾ ਕਿ ਪਿਛਲੇ ਹਫਤੇ ਤੋਂ ਪਹਿਲਾਂ ਮਰਨ ਵਾਲਿਆਂ ਦੀ ਗਿਣਤੀ 500 ਸੀ, ਪਰ ਕੁਝ ਰਾਜ ਸਰਕਾਰਾਂ ਹੜ੍ਹਾਂ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਸਨ, ਜਿਸ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧੀ ਹੈ। ਉਮਰ ਫਾਰੂਕ ਨੇ ਕਿਹਾ ਕਿ ਹੜ੍ਹਾਂ ਨੇ 82,000 ਤੋਂ ਵੱਧ ਘਰ ਅਤੇ ਲਗਭਗ 110,000 ਹੈਕਟੇਅਰ (272,000 ਏਕੜ) ਵਾਹੀਯੋਗ ਜ਼ਮੀਨ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਜਦੋਂ ਕਿ ਬਰਸਾਤ ਦਾ ਮੌਸਮ ਆਮ ਤੌਰ 'ਤੇ ਜੂਨ ਦੇ ਆਸ-ਪਾਸ ਸ਼ੁਰੂ ਹੁੰਦਾ ਹੈ, ਅਗਸਤ ਤੋਂ ਬਾਅਦ ਬਾਰਸ਼ ਅੰਸ਼ਕ ਤੌਰ 'ਤੇ ਬਹੁਤ ਜ਼ਿਆਦਾ ਸੀ।

ਨੈਸ਼ਨਲ ਐਮਰਜੈਂਸੀ ਮੈਨੇਜਮੈਂਟ ਏਜੰਸੀ ਨੇ ਕਿਹਾ ਕਿ 2012 ਵਿਚ ਹੜ੍ਹਾਂ ਕਾਰਨ 363 ਲੋਕ ਮਾਰੇ ਗਏ ਸਨ ਅਤੇ 2.1 ਮਿਲੀਅਨ ਤੋਂ ਵੱਧ ਬੇਘਰ ਹੋਏ ਸਨ। ਉਪ-ਸਹਾਰਨ ਅਫਰੀਕਾ ਜਲਵਾਯੂ ਪਰਿਵਰਤਨ ਦੁਆਰਾ ਅਸਪਸ਼ਟ ਤੌਰ 'ਤੇ ਪ੍ਰਭਾਵਿਤ ਹੈ ਅਤੇ ਇਸ ਦੀਆਂ ਬਹੁਤ ਸਾਰੀਆਂ ਆਰਥਿਕਤਾਵਾਂ ਪਹਿਲਾਂ ਹੀ ਰੂਸ-ਯੂਕਰੇਨ ਯੁੱਧ ਦੇ ਪ੍ਰਭਾਵ ਨਾਲ ਜੂਝ ਰਹੀਆਂ ਹਨ। ਚਾਵਲ ਉਤਪਾਦਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਵਿਨਾਸ਼ਕਾਰੀ ਹੜ੍ਹ ਦੇਸ਼ ਦੇ ਲਗਭਗ 200 ਮਿਲੀਅਨ ਲੋਕਾਂ ਨੂੰ ਪ੍ਰਭਾਵਤ ਕਰ ਸਕਦੇ ਹਨ, ਜਿੱਥੇ ਸਥਾਨਕ ਉਤਪਾਦਨ ਨੂੰ ਉਤਸ਼ਾਹਿਤ ਕਰਨ ਲਈ ਚੌਲਾਂ ਦੀ ਦਰਾਮਦ 'ਤੇ ਪਾਬੰਦੀ ਲਗਾਈ ਗਈ ਹੈ। ਵਰਲਡ ਫੂਡ ਪ੍ਰੋਗਰਾਮ ਅਤੇ ਸੰਯੁਕਤ ਰਾਸ਼ਟਰ ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਨਾਈਜੀਰੀਆ ਭੁੱਖਮਰੀ ਦੇ ਵਿਨਾਸ਼ਕਾਰੀ ਪੱਧਰ ਦੇ ਉੱਚ ਜੋਖਮ ਦਾ ਸਾਹਮਣਾ ਕਰ ਰਹੇ ਛੇ ਦੇਸ਼ਾਂ ਵਿੱਚੋਂ ਇੱਕ ਸੀ।

# ਐਨਜੀਟੀ ਨੇ ਦਿੱਲੀ ਸਰਕਾਰ 'ਤੇ ਲਗਾਇਆ 900 ਕਰੋੜ ਦਾ ਜ਼ੁਰਮਾਨਾ

* ਕਿਹਾ, 300 ਲੱਖ ਮੀਟ੍ਰਿਕ ਟਨ ਕੂੜੇ ਦਾ ਨਹੀਂ ਕੀਤਾ ਨਿਪਟਾਰਾ



ਨਵੀਂ ਦਿੱਲੀ, 18 ਅਕਤੂਬਰ (ਪੋਸਟ ਬਿਊਰੋ)- ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਦਿੱਲੀ ਸਰਕਾਰ ਨੂੰ ਮਿਉਂਸਪਲ ਠੋਸ ਰਹਿੰਦ-ਖੂੰਹਦ ਦੇ ਗਲਤ ਪ੍ਰਬੰਧਨ ਲਈ ਵਾਤਾਵਰਨ ਮੁਆਵਜ਼ੇ ਵਜੋਂ 900 ਕਰੋੜ ਰੁਪਏ ਦਾ ਭੁਗਤਾਨ ਕਰਨ ਦਾ ਨਿਰਦੇਸ਼ ਦਿੱਤਾ ਹੈ। ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਤਿੰਨ ਲੈਂਡਫਿਲ ਸਾਈਟਾਂ (ਲਿਟਰ ਹਿੱਲਜ਼) ਗਾਜ਼ੀਪੁਰ, ਭਲਸਵਾ ਅਤੇ ਓਖਲਾ 'ਤੇ ਲਗਭਗ 80 ਫੀਸਦੀ ਕੂੜਾ ਪੁਰਾਣਾ ਹੈ ਅਤੇ ਇਸ ਦਾ ਨਿਪਟਾਰਾ ਨਹੀਂ ਕੀਤਾ ਗਿਆ ਹੈ ਅਤੇ ਇਨ੍ਹਾਂ 'ਤੇ ਪੁਰਾਣੇ ਕੂੜੇ ਦੀ ਮਾਤਰਾ ਤਿੰਨ ਸਾਈਟਾਂ 300. ਲੱਖ ਮੀਟ੍ਰਿਕ ਟਨ ਹਨ।

ਬੈਂਚ ਵਿੱਚ ਜਸਟਿਸ ਸੁਧੀਰ ਅਗਰਵਾਲ ਅਤੇ ਮਾਹਿਰ ਮੈਂਬਰ ਏ ਸੇਂਥਿਲ ਵੈਲ ਅਤੇ ਅਫਰੋਜ਼ ਅਹਿਮਦ ਵੀ ਸਨ। ਬੈਂਚ ਨੇ ਕਿਹਾ ਕਿ ਇਹ ਦ੍ਰਿਸ਼ ਰਾਸ਼ਟਰੀ ਰਾਜਧਾਨੀ ਵਿੱਚ ਵਾਤਾਵਰਣ ਸੰਕਟ ਦੀ ਭਿਆਨਕ ਤਸਵੀਰ ਪੇਸ਼ ਕਰਦਾ ਹੈ। ਬੈਂਚ ਨੇ ਕਿਹਾ, "ਸ਼ਾਸਨ ਦੀ ਘਾਟ ਕਾਰਨ ਨਾਗਰਿਕਾਂ ਨੂੰ ਐਮਰਜੈਂਸੀ ਦਾ ਸਾਹ-ਮਣਾ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਮੀਥੇਨ ਅਤੇ ਹੋਰ ਹਾਨੀਕਾਰਕ ਗੈਸਾਂ ਲਗਾਤਾਰ ਨਿਕਲ ਰਹੀਆਂ ਹਨ ਅਤੇ ਧਰਤੀ ਹੇਠਲਾ ਪਾਣੀ ਦੂਸ਼ਿਤ ਹੋ ਰਿਹਾ ਹੈ। ਇਸ ਦੇ ਨਾਲ ਹੀ ਵਾਰ-ਵਾਰ ਅੱਗ ਲੱਗਣ ਦੀਆਂ ਘਟਨਾਵਾਂ ਦੇ ਬਾਵਜੂਦ ਵੀ ਸੁਰੱਖਿਆ ਦੇ ਮਾਮੂਲੀ ਉਪਾਅ ਨਹੀਂ ਅਪਣਾਏ ਗਏ।

ਐਨਜੀਟੀ ਨੇ ਕਿਹਾ ਕਿ ਮਹਿੰਗੀਆਂ ਜਨਤਕ ਜ਼ਮੀਨਾਂ 'ਤੇ ਕੂੜੇ ਦੇ ਢੇਰ ਲੱਗੇ ਹੋਏ ਹਨ। ਇੱਥੇ 152 ਏਕੜ ਜ਼ਮੀਨ ਹੈ ਅਤੇ ਸਰਕਲ ਰੇਟ 'ਤੇ ਇਸ ਦੀ ਕੀਮਤ 10,000 ਕਰੋੜ ਰੁਪਏ ਤੋਂ ਵੱਧ ਹੈ। ਨਾਗਰਿਕਾਂ ਦੇ ਅਧਿਕਾਰਾਂ ਦੀ ਘੋਰ ਉਲੰਘਣਾ ਹੋਈ ਹੈ ਅਤੇ ਸਬੰਧਤ ਅਧਿਕਾਰੀ ਵਾਤਾਵਰਣ ਅਤੇ ਲੋਕਾਂ ਦੀ ਸਿਹਤ ਦੀ ਸੁਰੱਖਿਆ ਲਈ ਉਪਾਅ ਕਰਨ ਵਿੱਚ ਅਸਫਲ ਰਹੇ ਹਨ।

# ਹੈਦਰਾਬਾਦ ਨੇ 'ਵਰਲਡ ਗ੍ਰੀਨ ਸਿਟੀ' ਦਾ ਖਿਤਾਬ ਜਿੱਤਿਆ, ਸਨਮਾਨ ਹਾਸਲ ਕਰਨ ਵਾਲਾ ਦੇਸ਼ ਦਾ ਇਕਲੌਤਾ ਸ਼ਹਿਰ



ਹੈਦਰਾਬਾਦ, 18 ਅਕਤੂਬਰ (ਪੋਸਟ ਬਿਊਰੋ)- ਤੇਲੰਗਾਨਾ ਦੀ ਰਾਜਧਾਨੀ ਹੈਦਰਾਬਾਦ ਨੂੰ 'ਵਰਲਡ ਗ੍ਰੀਨ ਸਿਟੀ' ਐਵਾਰਡ ਮਿਲਿਆ ਹੈ। ਇਸ ਸੂਚੀ ਵਿੱਚ ਭਾਰਤ ਦਾ ਇੱਕੋ ਇੱਕ ਸ਼ਹਿਰ ਸ਼ਾਮਲ ਕੀਤਾ ਗਿਆ ਹੈ। ਹੈਦਰਾਬਾਦ ਨੇ ਦੱਖਣੀ ਕੋਰੀਆ ਦੇ ਜੇਜੂ ਵਿੱਚ ਆਯੋਜਿਤ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਹਾਰਟੀਕਲਚਰ ਪ੍ਰੋਡਿਊਸਰਜ਼ 2022 ਵਰਲਡ ਗ੍ਰੀਨ ਸਿਟੀ ਅਵਾਰਡ 2022 ਵਿੱਚ ਓਵਰਆਲ 'ਵਰਲਡ ਗ੍ਰੀਨ ਸਿਟੀ ਅਵਾਰਡ 2022' ਅਤੇ 'ਲਿਵਿੰਗ ਗ੍ਰੀਨ ਫਾਰ ਇਕਨਾਮਿਕ ਰਿਕਵਰੀ ਐਂਡ ਇਨਕਲੂਸਿਵ ਗਰੋਥ' ਸ਼੍ਰੇਣੀ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ। .

ਸ਼ੁੱਕਰਵਾਰ ਨੂੰ ਜਾਰੀ ਇਕ ਅਧਿਕਾਰਤ ਰੀਲੀਜ਼ ਅਨੁਸਾਰ, ਹੈਦਰਾਬਾਦ ਇਕਲੌਤਾ ਭਾਰਤੀ ਸ਼ਹਿਰ ਹੈ ਜਿਸ ਨੂੰ ਚੁਣਿਆ ਗਿਆ ਹੈ ਅਤੇ ਇਹ ਤੇਲੰਗਾਨਾ ਅਤੇ ਭਾਰਤ ਲਈ ਮਾਣ ਵਾਲੀ ਗੱਲ ਹੈ। ਜਿਸ ਨੇ ਨਾ ਸਿਰਫ ਕੈਟਾਗਰੀ ਦਾ ਐਵਾਰਡ ਜਿੱਤਿਆ ਹੈ ਸਗੋਂ ਓਵਰਆਲ 'ਵਰਲਡ ਗ੍ਰੀਨ ਸਿਟੀ 2022' ਐਵਾਰਡ ਵੀ ਜਿੱਤਿਆ ਹੈ। ਇਹ ਐਵਾਰਡ ਸਾਰੀਆਂ 6 ਕੈਟਾਗਰੀਆਂ ਵਿੱਚ ਪ੍ਰਾਪਤ ਕੀਤਾ ਗਿਆ ਹੈ।

ਨਗਰ ਪ੍ਰਸ਼ਾਸਨ ਅਤੇ ਸ਼ਹਿਰੀ ਵਿਕਾਸ ਮੰਤਰੀ ਕੇ.ਟੀ. ਰਾਮਾ ਰਾਓ ਨੇ ਇਸ ਉਪਲਬਧੀ ਲਈ ਹੈਦਰਾਬਾਦ ਮੈਟਰੋਪੋਲੀਟਨ ਵਿਕਾਸ ਅਥਾਰਟੀ ਦੀ ਸਮੁੱਚੀ ਟੀਮ ਅਤੇ ਵਿਸ਼ੇਸ਼ ਮੁੱਖ ਸਕੱਤਰ, ਐਮ.ਏ.ਐਂਡ.ਯੂ.ਡੀ. ਅਰਵਿੰਦ ਕੁਮਾਰ ਨੂੰ ਵਧਾਈ ਦਿੱਤੀ ਹੈ। ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਨੇ ਸ਼ਹਿਰ ਨੂੰ ਵੱਕਾਰੀ "ਇੰਟਰਨੈਸ਼ਨਲ ਐਸੋਸੀਏਸ਼ਨ ਆਫ ਹਾਰਟੀਕਲਚਰ ਪ੍ਰੋਡਿਊਸਰਜ਼" ਪੁਰਸਕਾਰ ਮਿਲਣ 'ਤੇ ਖੁਸ਼ੀ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਅੰਤਰਰਾਸ਼ਟਰੀ ਪੁਰਸਕਾਰਾਂ ਨਾਲ ਤੇਲੰਗਾਨਾ ਅਤੇ ਦੇਸ਼ ਦਾ ਮਾਣ ਵਧਿਆ ਹੈ।

# ਪਾਕਿਸਤਾਨ ਸਭ ਤੋਂ ਖਤਰਨਾਕ ਦੇਸ਼ਾਂ ਵਿੱਚੋਂ ਇੱਕ: ਬਾਈਡਨ



ਵਾਸ਼ਿੰਗਟਨ, 18 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਪਾਕਿਸਤਾਨ ਖਿਲਾਫ ਸਪੱਸ਼ਟ ਬਿਆਨ ਦਿੰਦੇ ਹੋਏ ਪਾਕਿਸਤਾਨ ਨੂੰ ਦੁਨੀਆ ਦੇ "ਸਭ ਤੋਂ ਖਤਰਨਾਕ ਦੇਸ਼ਾਂ "ਚੋਂ ਇਕ ਦੱਸਿਆ ਹੈ ਅਤੇ ਕਿਹਾ ਹੈ ਕਿ ਇਸ ਕੋਲ "ਬਿਨਾ ਇਕਸੁਰਤਾ ਦੇ ਪ੍ਰਮਾਣੂ ਹਥਿਆਰ" ਹਨ। ਅਮਰੀਕੀ ਰਾਸ਼ਟਰਪਤੀ ਨੇ ਇਹ ਟਿੱਪਣੀਆਂ ਲਾਸ ਏਂਜਲਸ (ਕੈਲੀਫੋਰਨੀਆ) ਵਿੱਚ ਡੈਮੋਕ੍ਰੇਟਿਕ ਕਾਂਗਰੇਸ਼ਨਲ ਕੈਂਪੇਨ ਕਮੇਟੀ ਦੇ ਰਿਸੈਪਸ਼ਨ ਦੌਰਾਨ ਕੀਤੀਆਂ, ਜਿਸ ਦੌਰਾਨ ਉਨ੍ਹਾਂ ਨੇ ਚੀਨ ਅਤੇ ਰੂਸ ਦੋਵਾਂ ਨੂੰ ਫਟਕਾਰ ਲਗਾਈ।

ਪਾਕਿਸਤਾਨ 'ਤੇ ਇਹ ਟਿੱਪਣੀ ਉਦੋਂ ਕੀਤੀ ਗਈ ਜਦੋਂ ਬਿਡੇਨ ਚੀਨ ਅਤੇ ਵਲਾਦੀਮੀਰ ਪੁਤਿਨ ਦੀ ਰੂਸ ਨੂੰ ਲੈ ਕੇ ਅਮਰੀਕਾ ਦੀ ਵਿਦੇਸ਼ ਨੀਤੀ ਬਾਰੇ ਗੱਲ ਕਰ ਰਹੇ ਸਨ। ਬਾਈਡਨ ਨੇ ਆਪਣਾ ਸੰਬੋਧਨ ਇਹ ਕਹਿ ਕੇ ਸਮਾਪਤ ਕੀਤਾ ਕਿ ਉਹ ਪਾਕਿਸਤਾਨ ਨੂੰ ਦੁਨੀਆ ਦਾ ਸਭ ਤੋਂ ਖਤਰਨਾਕ ਦੇਸ਼ ਮੰਨਦੇ ਹਨ।

ਵ੍ਹਾਈਟ ਹਾਊਸ ਦੀ ਇੱਕ ਪ੍ਰੈਸ ਰਿਲੀਜ਼ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਸਮਾਗਮ ਵਿੱਚ ਬਾਈਡਨ ਦੀ ਟਿੱਪਣੀ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ, "ਇਹ ਇੱਕ ਆਦਮੀ (ਸ਼ੀ ਜਿਨਪਿੰਗ) ਹੈ ਜੋ ਸਮਝਦਾ ਹੈ ਕਿ ਉਹ ਜੋ ਚਾਹੇਗਾ ਉਹ ਹੋਵੇਗਾ... ਪਰ ਉਸ ਕੋਲ ਬਹੁਤ ਸਾਰੀਆਂ ਸਮੱਸਿਆਵਾਂ ਹਨ।" ਅਸੀਂ ਇਸਨੂੰ ਕਿਵੇਂ ਨਜਿੱਠਦੇ ਹਾਂ। ? ਅਸੀਂ ਰੂਸ ਵਿਚ ਜੋ ਕੁਝ ਹੋ ਰਿਹਾ ਹੈ ਉਸ ਨੂੰ ਕਿਵੇਂ ਨਜਿੱਠਦੇ ਹਾਂ? ਅਤੇ ਜੋ ਮੈਂ ਸੋਚਦਾ ਹਾਂ ਸ਼ਾਇਦ ਇਹ ਇਕ ਕਾਰਨ ਹੈ ਕਿ ਪਾਕਿਸਤਾਨ ਬਿਨਾਂ ਕਿਸੇ ਸੁਲ੍ਹਾ ਦੇ ਪਰਮਾਣੂ ਹਥਿਆਰਾਂ ਵਾਲੇ ਦੁਨੀਆ ਦੇ ਸਭ ਤੋਂ ਖਤਰਨਾਕ ਦੇਸ਼ਾਂ ਵਿਚੋਂ ਇਕ ਹੈ।"

ਬਾਈਡਨ ਦੀ ਟਿੱਪਣੀ ਨੂੰ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਅਮਰੀਕਾ ਨਾਲ ਸਬੰਧ ਸੁਧਾਰਨ ਦੀਆਂ ਕੋਸ਼ਿਸ਼ਾਂ ਨੂੰ ਝਟਕੇ ਵਜੋਂ ਦੇਖਿਆ ਜਾ ਸਕਦਾ ਹੈ। ਸਮਾਗਮ ਵਿੱਚ ਬਾਈਡਨ ਨੇ ਕਿਹਾ ਕਿ 21ਵੀਂ ਸਦੀ ਦੀ ਦੂਜੀ ਤਿਮਾਹੀ ਵਿੱਚ ਅਮਰੀਕਾ ਲਈ ਗਤੀਸ਼ੀਲਤਾ ਬਦਲਣ ਦੇ ਬਹੁਤ ਮੌਕੇ ਹਨ।

# ਰਾਸ਼ਟਰੀ ਜਨਤਾ ਦਲ ਨੇ ਲਾਲੂ ਪ੍ਰਸਾਦ ਯਾਦਵ ਨੂੰ12ਵੀਂ ਵਾਰ ਪ੍ਰਧਾਨ ਐਲਾਨਿਆ

ਨਵੀਂ ਦਿੱਲੀ, 18 ਅਕਤੂਬਰ, (ਪੋਸਟ ਬਿਊਰੋ): ਸੋਮਵਾਰ ਨੂੰ ਨਵੀਂ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਹੋਏ ਓਪਨ ਸੈਸ਼ਨ 'ਚ ਰਾਸ਼ਟਰੀ ਜਨਤਾ ਦਲ ਦੀ ਰਾਸ਼ਟਰੀ ਕਾਰਜਕਾਰੀ ਪ੍ਰੀਸ਼ਦ ਨੇ 12ਵੀਂ ਵਾਰ ਲਾਲੂ ਪ੍ਰਸਾਦ ਨੂੰ ਪਾਰਟੀ ਦੀ ਕਮਾਨ ਸੌਂਪੀ। ਰਾਸ਼ਟਰੀ ਜਨਤਾ ਦਲ ਦੇ ਵਰਕਰਾਂ ਅਤੇ ਅਹੁਦੇਦਾਰਾਂ ਨਾਲ ਭਰੇ ਹਾਲ 'ਚ ਲਾਲੂ ਪ੍ਰਸਾਦ ਅਤੇ ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਭਾਜਪਾ ਅਤੇ ਕੇਂਦਰ ਸਰਕਾਰ 'ਤੇ ਜੰਮ ਕੇ ਹਮਲਾ ਬੋਲਿਆ ਤੇ ਕਿਹਾ ਭਾਜਪਾ ਨਾਲ ਸਿੱਧੀ ਟੱਕਰ ਵਿੱਚ ਆਉਣਾ ਪਵੇਗਾ। ਉਨ੍ਹਾਂ ਨੇ ਦਾਅਵਾ ਕੀਤਾ ਕਿ 2024 'ਚ ਭਾਜਪਾ ਨੂੰ ਮੂਲੀ ਵਾਂਗ ਉਖਾੜ ਸੁੱਟਾਂਗੇ। ਕਾਂਗਰਸ ਨੂੰ ਨਾਲ ਲੈ ਕੇ ਚੱਲਣ 'ਤੇ ਜ਼ੋਰ ਦਿੰਦੇ ਹੋਏ ਲਾਲੂ ਨੇ ਕਿਹਾ ਕਿ ਉਹ ਪਹਿਲਾਂ ਹੀ ਸੋਨੀਆ ਗਾਂਧੀ ਨੂੰ ਮਿਲ ਚੁੱਕੇ ਹਨ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਸਾਰਿਆਂ ਨੂੰ ਇੱਕ ਮੰਚ 'ਤੇ ਲਿਆਉਣਾ ਪਵੇਗਾ। ਬਿਹਾਰ ਵਿੱਚ ਜੋ ਮਾਹੌਲ ਪੈਦਾ ਹੋਇਆ ਹੈ, ਉਹ ਪੂਰੇ ਦੇਸ਼ ਵਿੱਚ ਬਣਾਉਣਾ ਪਵੇਗਾ। ਰਾਸ਼ਟਰੀ ਜਨਤਾ ਦਲ ਦੇ ਵਿਸਤਾਰ ਦਾ ਸੰਕੇਤ ਦਿੰਦੇ ਹੋਏ ਲਾਲੂ ਨੇ ਕਿਹਾ ਕਿ ਅਜਿਹੇ ਸਮਾਗਮ ਹੁਣ ਸਾਰੇ ਰਾਜਾਂ ਵਿੱਚ ਆਯੋਜਿਤ ਕੀਤੇ ਜਾਣਗੇ। ਸੰਮੇਲਨ ਵਿੱਚ ਰਾਸ਼ਟਰੀ ਜਨਰਲ ਸਕੱਤਰ ਭੋਲਾ ਯਾਦਵ ਨੇ ਲਾਲੂ ਨੂੰ ਕਾਰਜਕਾਰੀ ਕਮੇਟੀ ਬਣਾਉਣ ਦਾ ਅਧਿਕਾਰ ਦਿੱਤਾ।

ਭਾਜਪਾ ਨਾਲ ਲੜਨ ਲਈ ਤੇਜਸਵੀ ਨੇ ਵਿਰੋਧੀ ਪਾਰਟੀਆਂ ਦੀ ਏਕਤਾ ਨੂੰ ਸਮੇਂ ਦੀ ਲੋੜ ਦੱਸਿਆ। ਉਨ੍ਹਾਂ ਭਾਜਪਾ ਵਿਰੋਧੀ ਪਾਰਟੀਆਂ ਨੂੰ ਇਕਜੁੱਟ ਹੋ ਕੇ ਸੰਘਰਸ਼ ਕਰਨ ਦੀ ਅਪੀਲ ਕੀਤੀ ਤੇ ਕਿਸੇ ਵੱਡੇ ਟੀਚੇ ਲਈ ਸਵਾਰਥ ਤੋਂ ਉਪਰ ਉੱਠਣ ਲਈ ਕਿਹਾ।


# ਇਮਰਾਨ ਖਾਨ ਨੇ ਜ਼ਿਮਨੀ ਚੋਣਾਂ ਵਿਚ ਸੱਤਾਧਾਰੀ ਪਾਰਟੀ ਨੂੰ ਹਰਾਇਆ, ਖੁਦ ਸੰਸਦ ਦੀਆਂ 6 ਸੀਟਾਂ ਜਿੱਤੀਆਂ



ਇਸਲਾਮਾਬਾਦ, 18 ਅਕਤੂਬਰ (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਨੇ ਦੇਸ਼ 'ਚ ਸੰਸਦ ਅਤੇ ਸੂਬਾਈ ਅਸੈਂਬਲੀ ਦੀਆਂ 11 ਸੀਟਾਂ 'ਤੇ ਹੋਈਆਂ ਉਪ ਚੋਣਾਂ 'ਚ ਸਭ ਤੋਂ ਜ਼ਿਆਦਾ ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਜ਼ਿਮਨੀ ਚੋਣਾਂ ਲਈ ਵੋਟਿੰਗ ਐਤਵਾਰ ਨੂੰ ਹੋਈ ਅਤੇ ਮੁੱਖ ਮੁਕਾਬਲਾ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐਮਐਲ-ਐਨ) ਅਤੇ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਵਿਚਕਾਰ ਸੀ। ਇਹ ਚੋਣ ਸਿਆਸੀ ਪਾਰਟੀਆਂ ਲਈ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਆਪਣੀ ਲੋਕਪ੍ਰਿਅਤਾ ਨੂੰ ਪਰਖਣ ਦਾ ਮੌਕਾ ਸੀ।

ਪਾਕਿਸਤਾਨ ਦੇ ਚੋਣ ਕਮਿਸ਼ਨ (ਈਸੀਪੀ) ਅਨੁਸਾਰ ਨੈਸ਼ਨਲ ਅਸੈਂਬਲੀ ਦੀਆਂ ਅੱਠ ਸੀਟਾਂ ਅਤੇ ਪੰਜਾਬ ਰਾਜ ਵਿਧਾਨ ਸਭਾ ਦੀਆਂ ਤਿੰਨ ਸੀਟਾਂ ਲਈ ਚੋਣਾਂ ਹੋਈਆਂ। ਕੁੱਲ 101 ਉਮੀਦਵਾਰ ਮੈਦਾਨ ਵਿੱਚ ਸਨ, ਜਿਨ੍ਹਾਂ ਵਿੱਚੋਂ ਪੰਜਾਬ ਵਿੱਚ 52, ਸਿੰਧ ਵਿੱਚ 33 ਅਤੇ ਖੈਬਰ ਪਖਤੂਨਖਵਾ ਵਿੱਚ 16 ਉਮੀਦਵਾਰ ਸਨ। ਖਾਨ ਨੇ ਖੁਦ ਸੱਤ ਸੰਸਦੀ ਸੀਟਾਂ ਲੜੀਆਂ, ਜਿਨ੍ਹਾਂ ਵਿਚੋਂ ਛੇ ਜਿੱਤੇ। ਉਹ ਕਰਾਚੀ ਸੀਟ ਤੋਂ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਉਮੀਦਵਾਰ ਤੋਂ ਹਾਰ ਗਏ ਸਨ। ਉਨ੍ਹਾਂ ਦੀ ਪਾਰਟੀ ਨੂੰ ਮੁਲਤਾਨ ਵਿੱਚ ਵੀ ਹਾਰ ਦਾ ਸਾਹਮਣਾ ਕਰਨਾ ਪਿਆ, ਜਿੱਥੇ ਪੀਟੀਆਈ ਨੇ ਮੇਹਰ ਬਾਨੋ ਕੁਰੈਸ਼ੀ ਦਾ ਸਮਰਥਨ ਕੀਤਾ।

ਸੰਸਦ ਦੀਆਂ ਛੇ ਸੀਟਾਂ ਤੋਂ ਇਲਾਵਾ ਪੀਟੀਆਈ ਨੇ ਪੰਜਾਬ ਵਿਧਾਨ ਸਭਾ ਦੀਆਂ ਦੋ ਸੀਟਾਂ ਵੀ ਜਿੱਤੀਆਂ ਹਨ। ਇਸ ਨਾਲ ਉਨ੍ਹਾਂ ਦੀ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪਰਵੇਜ਼ ਇਲਾਹੀ ਦੀ ਸਥਿਤੀ ਮਜ਼ਬੂਤ ਹੋਈ ਹੈ। ਪੀਟੀਆਈ ਦੇ ਜਨਰਲ ਸਕੱਤਰ ਅਸਦ ਉਮਰ ਨੇ ਕਿਹਾ ਕਿ ਚੋਣ ਨਤੀਜੇ "ਨੀਤੀ ਨਿਰਮਾਤਾਵਾਂ ਲਈ ਆਪਣੀ ਗਲਤੀ ਦਾ ਅਹਿਸਾਸ ਕਰਨ ਅਤੇ ਪਾਕਿਸਤਾਨ ਵਿੱਚ ਨਵੀਆਂ ਚੋਣਾਂ ਕਰਵਾਉਣ ਦਾ ਮੌਕਾ ਹੈ।" ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐੱਮ.ਐੱਲ.-ਐੱਨ.) ਨੇ ਸਿਰਫ ਇਕ ਸੀਟ ਜਿੱਤੀ ਹੈ।













# CLASSIFIEDS

ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

**Starting at just $10**
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

# Matrimonial

ਰਿਸ਼ਤੇ ਹੀ ਰਿਸ਼ਤੇ

**Starting at just $10**
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**




## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com










## We are looking for:

* General Labours
* Forklift Operators
* Window assemblers
* Production Line Workers
* Machine Operators
* AZ Driver, Shippers/Receivers Packagers




Only Full Time Position Available

**Must be eligible to work in Canada & communication in English**

**Please call us: 416-514-0733**

